# ਨੀਸਾਣ ਤੇ ਪੁਕਾਰਨਾਮੇ

ਸਿੱਖ-ਇਤਿਹਾਸ ਰੀਸਰਚ ਬੋਰਡ,
ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ

Digitized by Panjab Digital Library | www.panjabdigilib.org

ਗੁਰੂ-ਖ਼ਾਲਸੇ ਦੇ

# ਨੀਸਾਣ ਤੇ ਹੁਕਮਨਾਮੇ

ਸੰਪਾਦਕ :

ਸ਼ਮਸ਼ੇਰ ਸਿੰਘ 'ਅਸ਼ੋਕ'

੧੯੬੭

ਸਿੱਖ-ਇਤਿਹਾਸ ਰੀਸਰਚ ਬੋਰਡ,

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੀ ਅੰਮ੍ਰਿਤਸਰ

Digitized by Panjab Digital Library | www.panjabdigilib.org

ਕਾਪੀ ਰਾਈਟ : ਸਿੱਖ-ਇਤਿਹਾਸ ਰੀਸਰਚ ਬੋਰਡ,
ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ਼੍ਰੀ ਅੰਮ੍ਰਿਤਸਰ ।

ਪ੍ਰਕਾਸ਼ਕ:

ਸ: ਮਹਿੰਦ੍ਰ ਸਿੰਘ 'ਗਿਆਨੀ',
ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ਼੍ਰੀ ਅਮ੍ਰਿਤਸਰ ।

ਛਾਪਕ :

ਤੇਜਾ ਸਿੰਘ ਸੇਠੀ,
ਤੇਜ ਪ੍ਰਿੰਟਿੰਗ ਪ੍ਰੈਸ,
ਕਟੜਾ ਸ਼ੇਰ ਸਿੰਘ, ਸ਼੍ਰੀ ਅਮ੍ਰਿਤਸਰ ।

Digitized by Panjab Digital Library | www.panjabdigilib.org

# ਵਿਸ਼ੈ-ਸੂਚੀ


| | | |
|---|---|---|
| ਮੁੱਖ ਬੰਧ— | ਸਕਤ੍ , ਸ਼੍ਰੋ: ਗੁ: ਪ੍ਰਬੰਧਕ ਕਮੇਟੀ, ਸ਼੍ਰੀ ਅਮ੍ਰਿਤਸਰ | — |
| ਮੁੱਢਲੀ ਜਾਣ-ਪਛਾਣ | (ਸੰਪਾਦਕ) | ੳ—ਝ |
| ਪ੍ਰਸਤਾਵਨਾ | | ੧—੮ਅ |
| ਗੁਰੂ ਖ਼ਾਲਸੇ ਦੇ ਨੀਸਾਣ ਤੇ ਹੁਕਮਨਾਮੇ | (ਫ਼ੋਟੋ-ਬਲਾਕ) | ੧—੧੨੦ |
| ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਨੀਸਾਣ | | ੯ |
| ਸ਼੍ਰੀ ਗੁਰੂ ਹਰਿਗੋਬਿੰਦ ਜੀ ਦੇ ਨੀਸਾਣ ਤੇ ਹੁਕਮਨਾਮੇ | | ੧੦—੧੫ |
| ਹੁਕਮਨਾਮਾ ਬਾਬਾ ਗੁਰਦਿੱਤਾ ਜੀ ਦਾ | | ੧੬ |
| ਸ਼੍ਰੀ ਗੁਰੂ ਹਰਿਰਾਇ ਜੀ ਦੇ ਨੀਸਾਣ | | ੧੭—੧੮ |
| ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਨੀਸਾਣ ਤੇ ਹੁਕਮਨਾਮਾ | | ੧੮—੧੯ |
| ਸ਼੍ਰੀ ਗੁਰੂ ਤੇਗ਼ ਬਹਾਦੁਰ ਜੀ ਦੇ ਨੀਸਾਣ ਤੇ ਹੁਕਮਨਾਮੇ | | ੨੦—੫੦ |
| ਮਾਤਾ ਗੁਜਰੀ ਜੀ ਦਾ ਹੁਕਮਨਾਮਾ | | ੫੧ |
| ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨੀਸਾਣ ਤੇ ਹੁਕਮਨਾਮੇ | | ੫੨—੮੪ |
| ਮਾਤਾ ਸੁੰਦਰੀ ਜੀ ਦੇ ਹੁਕਮਨਾਮੇ | | ੮੫—੯੩ |
| ਮਾਤਾ ਸਾਹਿਬ ਦੇਵੀ ਜੀ ਦੇ ਹੁਕਮਨਾਮੇ | | ੯੪—੧੦੧ |
| ਹੁਕਮਨਾਮੇ ਬਾਬਾ ਬੰਦਾ ਬਹਾਦੁਰ ਜੀ ਦੇ | | ੧੦੨—੧੦੩ |
| ਹੁਕਮਨਾਮਾ ਬਾਬਾ ਸਾਹਿਬ ਸਿੰਘ ਜੀ ਬੇਦੀ ਦਾ | | ੧੦੪ |
| ਹੁਕਮਨਾਮਾ ਸ਼੍ਰੀ ਅਕਾਲ ਤਖ਼ਤ ਸਾਹਿਬ, ਅਮ੍ਰਿਤਸਰ ਦਾ | | ੧੦੫ |
| ਹੁਕਮਨਾਮਾ ਤਖ਼ਤ ਪਟਨਾ ਸਾਹਿਬ (ਬਿਹਾਰ) ਦਾ | | ੧੦੬—੧੦੭ |
| ਹੁਕਮਨਾਮਾ ਤਖ਼ਤ ਕੇਸ਼ਗੜ੍ਹ ਸਾਹਿਬ (ਆਨੰਦ ਪੁਰ) ਦਾ | | ੧੦੮ |
| ਹੁਕਮਨਾਮਾ ਤਖ਼ਤ ਦਮਦਮਾ ਸਾਹਿਬ ਜੀ ਦਾ | | ੧੦੯ |
| ਸ਼੍ਰੀ ਦਸ਼ਮ ਗ੍ਰੰਥ ਦੇ ਦੋ ਪਤ੍ਰੇ | | ੧੧੦—੧੧੫ |
| ਅੰਤਿਕਾ—ਨਾਵਾਂ ਤੇ ਥਾਵਾਂ ਦੀ ਸੂਚੀ | | ੧੧੬—੧੨੬ |
| ਪੁਸਤਕ-ਸੂਚੀ | | ੧੨੭—੧੨੮ |


Digitized by Panjab Digital Library | www.panjabdigilib.org

# ਮੁੱਖ-ਬੰਧ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚਿਰੋਕਣੀ ਇੱਛਾ ਸੀ ਕਿ ਸਿੱਖ-ਗੁਰੂ ਸਾਹਿਬਾਨ ਦੇ ਜਿਤਨੇ ਵੀ ਨੀਸਾਣ ਤੇ ਹੁਕਮਨਾਮੇ ਮਿਲ ਸਕਣ, ਉਹ ਸਿਲਸਿਲੇ ਵਾਰ ਐਡਿਟ ਕਰਕੇ ਛਾਪ ਦਿੱਤੇ ਜਾਣ। ਇਹ ਯਤਨ ਕਮੇਟੀ ਵਲੋਂ ਭਾਵੇਂ ਸੰਨ ੧੯੪੬ ਤੋਂ ਹੀ ਹੁੰਦਾ ਚਲਾ ਆ ਰਿਹਾ ਸੀ, ਪਰ ਇਸ ਨੂੰ ਅਮਲੀ ਜਾਮਾ ਪਹਿਨਾਉਣ ਦਾ ਉੱਦਮ ਸੰਨ ੧੯੫੫ ਤੋਂ ਸ਼ੁਰੂ ਹੋਇਆ, ਜਦੋਂ ਕਿ ਨੀਸਾਣ ਤੇ ਹੁਕਮਨਾਮੇ ਇਕੱਤ੍ਰ ਕਰਨ ਦੀ ਸਕੀਮ ਬਣਾਈ ਗਈ ਅਤੇ ਉਸ ਨੂੰ ਸਿਰੇ ਚਾੜ੍ਹਨ ਲਈ ਤਜਵੀਜ਼ਾਂ ਸੋਚੀਆਂ ਗਈਆਂ।

ਪਰ ਫੇਰ ਕਈ ਕਾਰਣਾਂ ਕਰ ਕੇ ਇਸ ਕੰਮ ਵਿਚ ਕੁਝ ਅਟਕ ਪੈਣ ਤੇ ਸੰਨ ੧੯੬੦ ਵਿਚ ਤਾਂ ਕਮੇਟੀ ਨੇ ਇਸ ਨੂੰ ਪੂਰਾ ਕਰਵਾ ਦੇਣਾ ਹੀ ਉਚਿਤ ਸਮਝਿਆ, ਜਿਸ ਕਾਰਣ ਚੋਖਾ ਖ਼ਰਚ ਦੇ ਕੇ ਸ: ਰਣਧੀਰ ਸਿੰਘ ਜੀ ਰੀਸਰਚ ਸਕਾਲਰ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਨੀਸਾਣਾਂ ਤੇ ਹੁਕਮਨਾਮਿਆਂ ਦੀ ਖੋਜ ਲਈ ਪੰਜਾਬ, ਉੱਤਰ ਪ੍ਰਦੇਸ਼, ਬਿਹਾਰ, ਬੰਗਾਲ ਆਦਿ ਇਲਾਕਿਆਂ ਵਿਚ ਦੌਰੇ ਉਤੇ ਗਏ। ਸੰਨ ੧੯੬੦ ਤੋਂ ੧੯੬੩ ਤਕ ਲਗਾਤਾਰ ਜਤਨ ਕਰਨ ਤੇ ਜੋ ਨੀਸਾਣਾਂ ਤੇ ਹੁਕਮਨਾਮਿਆਂ ਦੇ ਫ਼ੋਟੋ ਪ੍ਰਾਪਤ ਹੋਏ, ਉਨ੍ਹਾਂ ਦੇ ਬਲਾਕ ਤਿਆਰ ਕਰਵਾਏ ਗਏ।

ਇਸ ਤੋਂ ਉਪਰੰਤ ਸ: ਰਣਧੀਰ ਸਿੰਘ ਜੀ ਦੇ ਰੀਟਾਇਰ ਹੋਣ ਤੇ ਫੇਰ ਇਨ੍ਹਾਂ ਨੀਸਾਣਾਂ ਤੇ ਹੁਕਮਨਾਮਿਆਂ ਦੇ ਐਡਿਟ ਕਰਨ ਦਾ ਕੰਮ ਵਾਰੋ ਵਾਰੀ ਕਈ ਵਿਦਵਾਨਾਂ ਨੂੰ ਦੇਣ ਦੇ ਫ਼ੈਸਲੇ ਹੋਏ, ਪਰ ਕਈ ਕਾਰਣਾਂ ਕਰਕੇ ਇਹ ਕਾਰਜ ਮੁਲਤਵੀ ਹੀ ਹੁੰਦਾ ਗਿਆ। ਆਖ਼ਰ ਸਿੱਖ-ਇਤਿਹਾਸ ਰੀਸਰਚ ਬੋਰਡ ਵਲੋਂ ਸ: ਸ਼ਮਸ਼ੇਰ ਸਿੰਘ ਜੀ 'ਅਸ਼ੋਕ' ਰੀਸਰਚ ਸਕਾਲਰ ਸ਼੍ਰੋ: ਕਮੇਟੀ ਨੂੰ ਇਸੇ ਸਾਲ ਦੇ ਆਰੰਭ ਵਿਚ ਇਹ ਕੰਮ ਦਿੱਤਾ ਗਿਆ, ਜੋ ਉਨ੍ਹਾਂ ਨੇ ਬੜੀ ਦਿਲਚਸਪੀ ਤੇ ਪ੍ਰੇਮ-ਭਾਵਨਾ ਨਾਲ ਐਡਿਟ ਕਰਕੇ ਸਿਰੇ ਚਾੜ੍ਹਿਆ ਹੈ। ਆਸ ਹੈ, ਗੁਰਮਤਿ ਪ੍ਰੇਮੀ ਪਾਠਕਾਂ ਵਲੋਂ ਇਹ ਸੇਵਾ ਅਪਣਾਈ ਜਾਣ ਤੇ ਕਮੇਟੀ ਦੀ ਹੌਸਲਾ ਅਫ਼ਜ਼ਾਈ ਕੀਤੀ ਜਾਵੇਗੀ।

ਗੁਰੂ ਪੰਥ ਦਾ ਦਾਸ—

ਸਕੱਤ੍ਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ

੧੦ ਅਕਤੂਬਰ, ੧੯੬੭]

Digitized by Panjab Digital Library | www.panjabdigilib.org

# ਮੁੱਢਲੀ ਜਾਣ-ਪਛਾਣ

## ਮੁੱਖ ਸ਼ਬਦ

ਨੀਸਾਣਾਂ ਤੇ ਹੁਕਮਨਾਮਿਆਂ ਦਾ ਇਹ ਸੰਗ੍ਰਹ ਕਿਵੇਂ ਤਿਆਰ ਹੋਇਆ, ਜੇ ਏਥੇ ਇਸ ਸੰਬੰਧ ਵਿਚ ਕੁਝ ਮੁੱਢਲੇ ਯਤਨਾਂ ਦਾ ਵੇਰਵਾ ਦੇ ਦਿੱਤਾ ਜਾਵੇ, ਤਾਂ ਉਹ ਦਿਲਚਸਪੀ ਤੋਂ ਖ਼ਾਲੀ ਨਹੀਂ ਹੋਵੇਗਾ ਤੇ ਇਸ ਤਰ੍ਹਾਂ ਇਸ ਪੁਸਤਕ ਦਾ ਅਧਿਐਨ ਕਰਨ ਵਿਚ ਪਾਠਕਾਂ ਨੂੰ ਹੋਰ ਵੀ ਸਹੂਲੀਅਤ ਹਾਸਲ ਹੋਵੇਗੀ, ਇਸ ਲਈ ਹੁਣ ਏਥੇ ਪਹਿਲਾਂ ਇਹੋ ਜ਼ਿਕਰ ਜ਼ਰੂਰੀ ਸਮਝ ਕੇ ਦਿੱਤਾ ਜਾ ਰਿਹਾ ਹੈ।

ਸੰਨ ੧੯੩੫ ਵਿਚ ਮੈਨੂੰ ਬਾਬਾ ਨੱਥਾ ਸਿੰਘ ਜੀ ਤ੍ਰੋਹਣ,ਰਾਘੋਮਾਜਰਾ, ਪਟਿਆਲਾ ਦੇ ਘਰੋਂ ਉਨ੍ਹਾਂ ਦੇ ਨਿਕਟ-ਸੰਬੰਧੀ ਬਾਬਾ ਸੁਮੇਰ ਸਿੰਘ ਜੀ ਸਾਬਕ ਮਹੰਤ ਸ਼੍ਰੀ ਹਰਿਮੰਦਿਰ ਸਾਹਿਬ ਪਟਨਾ (ਬਿਹਾਰ) ਦੀਆਂ ਹੱਥ-ਲਿਖਿਤ ਪੁਸਤਕਾਂ ਦੀ ਫੋਲਾ ਫਾਲੀ ਕਰਦਿਆਂ ਸ਼੍ਰੀ ਦਸ਼ਮੇਸ਼ ਜੀ ਦੇ ਦੋ ਹੁਕਮਨਾਮਿਆਂ ਦੀਆਂ ਨਕਲਾਂ ਮਿਲੀਆਂ ਸਨ। ਇਹ ਹੁਕਮਨਾਮੇ ਸ਼੍ਰੀ ਦਸ਼ਮੇਸ਼ ਜੀ ਵਲੋਂ ਬਾਬਾ ਬੱਠਾ ਨਾਮੀ ਇਕ ਬ੍ਰਾਹਮਣ ਸਿੱਖ ਦੇ ਨਾਂ, ਜਿਸ ਦਾ ਜ਼ਿਕਰ ਸ਼੍ਰੀ ਗੁਰੂ ਤੇਗ਼ ਬਹਾਦੁਰ ਜੀ ਦੇ ਹੁਕਮਨਾਮਾ ਨੰਬਰ ੨੩, ੨੪, ੨੫, ੨੬, ੨੮ ਵਿਚ ਆਉਂਦਾ ਹੈ, ਸੰਮਤ ੧੭੪੫ ਬਿਕ੍ਰਮੀ ਦੇ ਲਿਖੇ ਹੋਏ ਸਨ।

ਇਸ ਤੋਂ ਪਿੱਛੋਂ ਮੈਂ ਇਸੇ ਕਿਸਮ ਦਾ ਇਕ ਹੋਰ ਹੁਕਮਨਾਮਾ, ਜੋ ਬਾਬੇ ਬੱਠੇ ਦੇ ਨਾਂ ਸੀ, ਜਲੰਧਰ ਦੇ ਪੁਰਾਣੀਆਂ ਕਿਤਾਬਾਂ ਦੇ ਤਾਜਰ ਸ਼੍ਰੀ ਪ੍ਰਿਥੀਪਾਲ ਸਿੰਘ ਜੌੜਾ ਪਾਸ ਦੇਖਿਆ, ਜੋ ਉਸ ਦੇ ਬਹੁਤਾ ਮੁੱਲ ਮੰਗਣ ਕਰ ਕੇ ਖ਼ਰੀਦਿਆ ਨਾ ਜਾ ਸਕਿਆ। ਉਸ ਹੁਕਮਨਾਮੇ ਵਿਚ ਖ਼ਾਲਸਾ ਪੰਥ ਦੇ ਸਾਜੇ ਜਾਣ ਦਾ ਜ਼ਿਕਰ ਸੀ। ਉਹ ਹੁਕਮਨਾਮਾ ਅੱਜ



Digitized by Panjab Digital Library | www.panjabdigilib.org

ਕਲ ਕਿੱਥੇ ਹੈ, ਇਸ ਬਾਰੇ ਤਾਂ ਕੁਝ ਪਤਾ ਨਹੀਂ, ਪਰ ਇਸ ਤੋਂ ਹੁਕਮਨਾਮਿਆਂ ਬਾਰੇ ਮੇਰੀ ਦਿਲਚਸਪੀ ਹੋਰ ਵੀ ਵੱਧ ਗਈ।

## ਹੁਕਮਨਾਮਿਆਂ ਦੀ ਖੋਜ ਤੇ ਮੁੱਢਲੇ ਜਤਨ

ਸੰਨ ੧੯੪੩-੪੪ ਵਿਚ ਜਦੋਂ ਮੈਂ ਲਾਹੌਰ ਦੇ ਸਿੱਖ ਨੈਸ਼ਨਲ ਕਾਲਜ ਵਿਚ ਨਿਯੁਕਤ ਹੋਣ ਤੇ ਸਿੱਖ-ਇਤਿਹਾਸ ਦੀ ਖੋਜ ਕਰ ਰਿਹਾ ਸੀ ਤਾਂ ਗਵਰਨਮੈਂਟ ਪੰਜਾਬ ਦੇ ਰੀਕਾਰਡ ਆਫ਼ਿਸ ਵਿਚੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਤੇ ਰਾਇ ਕਲ੍ਹੇ ਦੀ ਤਲਵਾਰ ਤੋਂ ਇਲਾਵਾ ੮ ਹੋਰ ਸ਼ਸਤ੍ਰ-ਅਸਤ੍ਰਾਂ ਬਾਰੇ, ਜੋ ਸੰਨ ੧੮੪੯ ਵਿਚ ਪੰਜਾਬ ਉਤੇ ਕਬਜ਼ਾ ਹੋਣ ਸਾਰ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਤੋਸ਼ੇਖਾਨੇ ਵਿਚੋਂ ਕੱਢ ਕੇ ਸਰਕਾਰ ਅੰਗਰੇਜ਼ੀ ਨੇ ਵਿਲਾਇਤ ਭੇਜੇ ਸਨ, ਖੋਜ ਲੱਭਣ ਤੇ ਮੇਰੀ ਦਿਲਚਸਪੀ ਗੁਰੂ ਸਾਹਿਬ ਦੇ ਹੁਕਮਨਾਮਿਆਂ ਵਲ ਵੀ ਵਧੀ। ਪ੍ਰਿੰਸੀਪਲ ਨਿਰੰਜਨ ਸਿੰਘ ਜੀ ਵਲੋਂ ਪ੍ਰੇਰਨਾ ਹੋਣ ਤੇ ਗੁਰੂ ਸਾਹਿਬ ਦੀ ਕਲਗੀ ਤੇ ਉਨ੍ਹਾਂ ਦੇ ਸ਼ਸਤ੍ਰਾਂ-ਅਸਤ੍ਰਾਂ ਬਾਰੇ ਮੈਂ ਇਕ ਲੇਖ ਰੋਜ਼ਾਨਾ ਅਕਾਲੀ (ਪੰਜਾਬੀ) ਤੇ ਰੋਜ਼ਾਨਾ ਅਜੀਤ (ਉਰਦੂ)ਦੇ ੧੩ ਜੂਨ ੧੯੪੫ ਦੇ ਪਰਚਿਆਂ ਵਿਚ ਲਿਖਿਆ, ਜਿਸ ਦੇ ਪ੍ਰਕਾਸ਼ਿਤ ਹੋਣ ਸਾਰ ਦੂਜੇ ਦਿਨ ਹੀ ਇਨ੍ਹਾਂ ਦੈਨਿਕ ਪੱਤ੍ਰਾਂ ਦੇ ਸੰਪਾਦਕਾਂ ਨੇ ਗੁਰੂ ਸਾਹਿਬ ਦੀਆਂ ਇਨ੍ਹਾਂ ਪਵਿੱਤ੍ਰ ਚੀਜ਼ਾਂ ਦੀ ਵਾਪਸੀ ਦੀ ਮੰਗ ਸਰਕਾਰ ਅੰਗਰੇਜ਼ੀ ਪਾਸੋਂ ਕਰ ਦਿੱਤੀ। ਉਸ ਸਮੇਂ ਇਸੇ ਸੰਬੰਧ ਵਿਚ ਮੇਰੀ ਮੁਲਾਕਾਤ ਪੰਜਾਬੀ ਦੇ ਪ੍ਰਸਿੱਧ ਲੇਖਕ ਸ: ਜੀ. ਬੀ. ਸਿੰਘ ਅਤੇ ਗਿਆਨੀ ਮਹਿੰਦ੍ਰ ਸਿੰਘ ਜੀ ਸਕੱਤਰ, ਗੁਰਦੁਆਰਾ ਪ੍ਰਬੰਧਕ ਕਮੇਟੀ, ਲਾਹੌਰ ਨਾਲ ਹੋਈ। ਇਨ੍ਹਾਂ ਦੋਹਾਂ ਸੱਜਣਾਂ ਨੇ ਮੇਰਾ ਧਿਆਨ ਗੁਰੂ ਜੀ ਦੇ ਹੁਕਮਨਾਮਿਆਂ ਦੀ ਖੋਜ ਵਲ ਦਿਵਾਇਆ। ਸ: ਜੀ. ਬੀ. ਸਿੰਘ ਨੇ ਆਪਣੀ ਨਵੀਂ ਛਪੀ ਪੁਸਤਕ 'ਪ੍ਰਾਚੀਨ ਬੀੜਾਂ' ਮੈਨੂੰ ਬੜੇ ਸਨੇਹ-ਭਾਵ ਨਾਲ ਦਿੱਤੀ ਅਤੇ ਗੁਰੂ ਸਾਹਿਬਾਨ ਦੇ ਹੁਕਮਨਾਮਿਆਂ ਬਾਰੇ ਖੋਜ ਵੀ ਦਿਖਾਈ, ਪਰ ਫੇਰ ਛੇਤੀ ਹੀ ਸੰਨ ੧੯੪੭ ਵਿਚ ਪੰਜਾਬ ਦਾ ਵੰਡਵਾਰਾ ਹੋਣ ਤੇ ਸ: ਜੀ. ਬੀ. ਸਿੰਘ ਤਾਂ ਵਿਲਾਇਤ ਜਾ ਕੇ ਸੰਨ ੧੯੫੦ ਵਿਚ ਉਥੇ ਹੀ ਸੁਰਗਵਾਸ ਹੋ ਗਏ, ਪਰ ਹੁਕਮਨਾਮਿਆਂ ਬਾਰੇ ਉਨ੍ਹਾਂ ਦੀ ਉਹ ਖੋਜ ਕਿੱਥੇ ਗਈ, ਇਸ ਬੰਧੀ ਕੋਈ ਪਤਾ ਨਹੀਂ ਲੱਗਿਆ।

## ਸਿੱਖ ਹਿਸਟਰੀ ਸੁਸਾਇਟੀ ਦਾ ਮੁੱਢ ਤੇ ਹੁਕਮਨਾਮੇ

ਸੰਨ ੧੯੪੫ ਦੇ ਮੁੱਢ ਵਿਚ, ਜਦੋਂ ਮੈਂ ਅਜੇ ਸਿੱਖ ਨੈਸ਼ਨਲ ਕਾਲਜ ਲਾਹੌਰ



Digitized by Panjab Digital Library | www.panjabdigilib.org

ਦੀ ਸਰਵਿਸ ਵਿਚ ਹੀ ਸੀ ਤਾਂ ਖ਼ਾਲਸਾ ਕਾਲਜ ਅਮ੍ਰਿਤਸਰ ਵਿਚ ਪ੍ਰੋ: ਤੇਜਾ ਸਿੰਘ ਜੀ, ਪ੍ਰੋ: ਗੰਡਾ ਸਿੰਘ ਜੀ, ਬਾਬਾ ਪ੍ਰੇਮ ਸਿੰਘ ਜੀ ਹੋਤੀ (ਮਰਦਾਨ) ਆਦਿ ਵਲੋਂ ਉੱਦਮ ਕਰਨ ਤੇ ਸਿੱਖ ਹਿਸਟਰੀ ਸੁਸਾਇਟੀ ਦੀ ਨੀਂਹ ਰੱਖੀ ਗਈ। ਇਸ ਸੁਸਾਇਟੀ ਦਾ ਬੀਜ ਤਾਂ ਭਾਵੇਂ ਇਸ ਤੋਂ ੧੫—੧੬ ਵਰ੍ਹੇ ਪਹਿਲਾਂ ਸੰਨ ੧੯੩੦ ਵਿਚ ਪ੍ਰਸਿੱਧ ਪੰਜਾਬੀ ਲੇਖਕ ਬਾਵਾ ਬੁੱਧ ਸਿੰਘ ਜੀ, ਗਿਆਨੀ ਹੀਰਾ ਸਿੰਘ ਜੀ 'ਦਰਦ',ਸਰਦਾਰ ਕਰਮ ਸਿੰਘ ਜੀ ਹਿਸਟੋਰੀਅਨ ਆਦਿ ਦੇ ਯਤਨਾਂ ਨਾਲ ਲਾਹੌਰ ਵਿਚ ਹੀ ਬੀਜਿਆ ਗਿਆ ਸੀ, ਪਰ ਇਸ ਦਾ ਵਿਕਸਿਤ ਰੂਪ ਅਪ੍ਰੈਲ ਸੰਨ ੧੯੪੫ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਭਰਪੂਰ ਮਾਲੀ ਸਹਾਇਤਾ ਦੇਣ ਤੇ ਕਾਰਜ ਸਾਧਕ ਕਮੇਟੀ ਬਣਨ ਤੇ ਹੀ ਸਾਡੇ ਸਾਹਮਣੇ ਆਇਆ। ਇਸ ਸੁਸਾਇਟੀ ਨੇ ਪਹਿਲਾਂ ਖ਼ਾਲਸਾ ਕਾਲਜ ਤੇ ਫੇਰ ਗੁਰੂ ਰਾਮਦਾਸ ਨਿਵਾਸ ਵਿਚ ਆਪਣਾ ਦਫ਼ਤਰ ਰੱਖ ਕੇ ਇਹ ਕੰਮ ਕਰਨੇ ਨਿਸ਼ਚਿਤ ਕੀਤੇ :

(੧) ਗੁਰੂ ਸਾਹਿਬਾਨ ਦੇ ਨੀਸਾਣਾਂ ਤੇ ਹੁਕਮਨਾਮਿਆਂ ਦੀ ਖੋਜ[1] ਤੇ (੨) ਸਮੁੱਚਾ ਸਿੱਖ-ਇਤਿਹਾਸ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਵਰਤਮਾਨ ਕਾਲ ਤਕ ਪੰਜਾਬੀ, ਹਿੰਦੀ, ਅੰਗਰੇਜ਼ੀ ਆਦਿ ਬੋਲੀਆਂ ਵਿਚ ਲਿਖ ਕੇ ਛਾਪਣਾ। ਪ੍ਰੋ: ਤੇਜਾ ਸਿੰਘ ਜੀ ਦੇ ਉਚੇਚਾ ਯਤਨ ਕਰਨ ਤੇ ਸਿੱਖ-ਇਤਿਹਾਸ ਲੜੀ ਦੀ ਪਹਿਲ ਪੁਸਤਕ 'ਏ ਸ਼ਾਰਟ ਹਿਸਟਰੀ ਆਫ਼ ਦੀ ਸਿੱਖਸ' ਅੰਗਰੇਜ਼ੀ ਵਿਚ ਲਿਖੀ ਗਈ, ਜੋ ਓਰੀਐਂਟ ਲਾਂਗਜ਼ਮੈਨ, ਬੰਬੇ ਵਲੋਂ ਛਪ ਕੇ ਪ੍ਰਕਾਸ਼ਿਤ ਹੋਈ। ਇਸ ਤੋਂ ਬਾਦ ਪ੍ਰੋ: ਤੇਜਾ ਸਿੰਘ ਜੀ ਦੇ ਬੰਬਈ ਜਾ ਕੇ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਲੱਗਣ ਤੇ ਇਹ ਕੰਮ ਉਸੇ ਥਾਂ ਠੱਪਿਆ ਗਿਆ। ਫੇਰ ਨਾ ਪ੍ਰਿੰਸੀਪਲ ਤੇਜਾ ਸਿੰਘ ਜੀ ਹੀ ਸਮਾਂ ਕੱਢ ਕੇ ਅਮ੍ਰਿਤਸਰ ਆ ਸਕੇ ਅਤੇ ਨਾ ਇਸ ਕੰਮ ਦਾ ਭਾਰ ਇਕੱਲੇ ਪ੍ਰੋ: ਗੰਡਾ ਸਿੰਘ ਹੀ ਸਿਵਾਇ ਇਕ ਇਤਿਹਾਸਿਕ ਪੱਤਰ ਦੇ ਆਪਣੇ ਮੋਢਿਆਂ ਉਤੇ ਲੈ ਸਕੇ। ਇਸ ਲਈ ਇਸ ਸੁਸਾਇਟੀ ਦੀਆਂ ਸਕੀਮਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਦਦ ਦੇ ਬਾਵਜੂਦ ਅਧਵਾਟੇ ਹੀ ਰਹਿ ਗਈਆਂ।

## ਸ਼੍ਰੋਮਣੀ ਕਮੇਟੀ ਵਲੋਂ ਦੋਬਾਰਾ ਉੱਦਮ

ਇਸ ਤੋਂ ਪਿੱਛੋਂ ਸੰਨ ੧੯੫੫—੫੭ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪਹਿਲਾਂ ਵਾਂਗ ਹੀ ਪੁਰਾਣੀਆਂ ਸਿੱਖ-ਇਤਿਹਾਸਿਕ ਹੱਥ-ਲਿਖਿਤ ਪੁਸਤਕਾਂ ਅਤੇ ਗੁਰੂ

[1]ਇਸੇ ਕਾਰਣ ਸੰਨ ੧੯੫੨—੫੩ ਵਿਚ ਗੁਰੂ ਸਾਹਿਬਾਨ ਦੇ ਕੁਝ ਕੁ ਹੁਕਮਨਾਮਿਆਂ ਦੇ ਫ਼ੋਟੋ ਲੈ ਕੇ ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਅਮ੍ਰਿਤਸਰ ਵਿਚ ਰੱਖੇ ਗਏ।

Digitized by Panjab Digital Library | www.panjabdigilib.org

ਸਾਹਿਬਾਨ ਦੇ ਹੁਕਮਨਾਮਿਆਂ ਦੀ ਖੋਜ ਪ੍ਰਕਾਸ਼ਤ ਕਰਨ ਬਾਰੇ ਇਕ ਨਵਾਂ ਪ੍ਰੋਗਰਾਮ ਉਲੀਕਿਆ ਗਿਆ। ਇਸ ਸਮੇਂ ਗਿਆਨੀ ਮਹਿੰਦ੍ਰ ਸਿੰਘ ਜੀ ਨੇ, ਜੋ ਸੰਨ ੧੯੪੭ ਵਿਚ ਦੇਸ ਦਾ ਵੰਡਵਾਰਾ ਹੋਣ ਤੇ ਸੰਨ ੧੯੪੯ ਤੋਂ ਗੁਰਦੁਆਰਾ ਬੋਰਡ ਪੈਪਸੂ, ਪਟਿਆਲਾ ਦੇ ਸਕੱਤ੍ਰ ਸਨ, ਉਚੇਚੇ ਤੌਰ ਤੇ ਇਕ ਦਰਜਨ ਤੋਂ ਉਪਰ ਸਿੱਖ-ਇਤਿਹਾਸ ਸਬੰਧੀ ਦੁਰਲੱਭ ਹੱਥ ਲਿਖਿਤ ਪੁਸਤਕਾਂ-ਜਨਮ ਸਾਖੀ ਗੁਰੂ ਨਾਨਕ, ਸ਼੍ਰੀ ਗੁਰੂ ਸੋਭਾ (ਸੈਨਾਪਤਿ), ਗੁਰੂ ਮਹਿਮਾ ਪ੍ਰਕਾਸ਼ ਆਦਿ ਦੇ ਸੰਪਾਦਨ ਕਰ ਕੇ ਛਾਪਣ ਦੀ ਸਕੀਮ ਮੈਥੋਂ ਤਿਆਰ ਕਰਵਾਈ, ਜੋ ਟਾਈਪ ਕਰਵਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੀ ਅਮ੍ਰਿਤਸਰ ਨੂੰ ਭੇਜੀ ਗਈ। ਸੰਨ ੧੯੫੮ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਸ ਸਕੀਮ ਨੂੰ ਪਰਵਾਨ ਕਰ ਕੇ ਵਰਤੋਂ ਵਿਚ ਲਿਆਉਣ ਦਾ ਭਰੋਸਾ ਦਿੱਤਾ।

ਇਸ ਸਮੇਂ ਵਿਚ ਸ: ਰਣਧੀਰ ਸਿੰਘ ਦੇ ਰਾਹੀਂ, ਜੋ ਸੰਨ ੧੯੩੭ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਗੁਰਦੁਆਰਾ ਇਨਸਪੈਕਟਰ, ਫੇਰ ਸੰਨ ੧੯੪੬ ਤੋਂ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦੇ ਲਾਇਬ੍ਰੇਰੀਅਨ ਅਤੇ ਸੰਨ ੧੯੫੫ ਤੋਂ ਸਿੱਖ ਹਿਸਟਰੀ ਰੀਸਰਚ ਸਕਾਲਰ ਨਿਯੁਕਤ ਹੋਏ ਸਨ, ਗੁਰਮਤ ਸੰਬੰਧੀ ਦੁਰਲੱਭ ਹੱਥ-ਲਿਖਿਤ ਪੁਸਤਕਾਂ ਦੇ ਸੰਪਾਦਨ ਦੇ ਨਾਲ ਹੀ ਗੁਰੂ ਸਾਹਿਬਾਨ ਦੇ ਨੀਸਾਣ ਤੇ ਹੁਕਮਨਾਮੇ ਖੋਜਣ ਦਾ ਪ੍ਰੋਗਰਾਮ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤਿਆਰ ਕਰਵਾਇਆ, ਜਿਸ ਪਰ ਸਰਦਾਰ ਰਣਧੀਰ ਸਿੰਘ ਨੇ ਕਮੇਟੀ ਦੇ ਹੁਕਮ ਨਾਲ ਅੱਗੇ ਚੱਲ ਕੇ ਸੰਨ ੧੯੬੦ ਵਿਚ ਅਮਲੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ।

## ਡਾਕਟਰ ਗੰਡਾ ਸਿੰਘ ਦੇ ਨਵੇਂ ਯਤਨ

ਸ: ਰਣਧੀਰ ਸਿੰਘ ਦੀ ਸਕੀਮ ਪਰ ਅਮਲੀ ਵਰਤੋਂ ਦੀਆਂ ਸਲਾਹਾਂ ਅਜੇ ਹੋ ਹੀ ਰਹੀਆਂ ਸਨ ਕਿ ਸੰਨ ੧੯੫੬ ਦੇ ਅੰਤ ਵਿਚ ਡਾਕਟਰ ਗੰਡਾ ਸਿੰਘ ਜੀ ਸਰਕਾਰੀ ਸਰਵਿਸ ਤੋਂ ਹਟ ਗਏ। ਆਪ ਪਹਿਲਾਂ,ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ,ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਸਿੱਖ ਹਿਸਟਰੀ ਰੀਸਰਚ ਸਕਾਲਰ ਤੇ ਫੇਰ ਸਰਕਾਰ ਪੈਪਸੂ ਦੇ ਅਧੀਨ ਮਹਿਕਮਾ ਪੰਜਾਬੀ ਤੇ ਆਰਕਾਈਵਜ਼ ਵਿਭਾਗ ਪਟਿਆਲਾ ਦੇ ਪ੍ਰਮੁਖ ਅਧਿਕਾਰੀ ਰਹੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਨ੍ਹਾਂ ਨੂੰ ਸਰਕਾਰੀ ਨੌਕਰੀ ਤੋਂ ਹਟਦਿਆਂ ਹੀ ਖ਼ਾਲਸਾ ਕਾਲਜ ਬੰਬਈ ਵਲੋਂ ੪੫੦) ਮਾਹਵਾਰ ਤਨਖ਼ਾਹ ਦੇਣੀ ਕਰਕੇ ਸਿੱਖ ਇਤਿਹਾਸਿਕ ਖੋਜ-ਵਿਭਾਗ ਵਿਚ ਬਤੌਰ ਰੀਸਰਚ ਸਕਾਲਰ ਨਿਯੁਕਤ ਕਰ ਲਿਆ। ਇਸ ਦੇ ਨਾਲ ਹੀ



Digitized by Panjab Digital Library | www.panjabdigilib.org

ਕੁਝ ਚਿਰ ਪਿੱਛੋਂ ਆਪ ਨੂੰ ਕੁਝ ਵਾਧੂ ਅਲਾਊਂਸ ਦੇਣਾ ਕਰ ਕੇ ਇਸ ਕਾਲਜ ਦੇ ਵਿਜ਼ਿਟਿੰਗ ਪ੍ਰੋਫੈਸਰ ਵੀ ਲਗਾਇਆ ਗਿਆ। ਡਾਕਟਰ ਗੰਡਾ ਸਿੰਘ ਜੀ ਨੇ ਇਸ ਸਮੇਂ ਮੌਕਾ ਠੀਕ ਸਮਝ ਕੇ ਉਹੋ ਜਿਹੀ ਸਿੱਖ ਹਿਸਟਰੀ ਸੁਸਾਇਟੀ ਵਾਲੀ ੧੫ ਜਿਲਦਾਂ ਵਿਚ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਵਰਤਮਾਨ ਕਾਲ ਤਕ ਸਿੱਖ-ਇਤਿਹਾਸ ਲਿਖਣ ਦੀ ਇਕ ਸਕੀਮ ਬਣਾ ਕੇ ਪੇਸ਼ ਕੀਤੀ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਵਾਨ ਕੀਤੀ ਗਈ, ਪਰ ਇਸ ਸਕੀਮ ਉਤੇ ਅਮਲੀ ਵਰਤੋਂ ਕਰਨ ਦੀ ਥਾਵੇਂ ਨਤੀਜਾ ਕੁਝ ਹੋਰ ਹੀ ਨਿਕਲਿਆ ਤੇ ੭੦੦੦) ਰੁਪਏ ਨਕਦ ਅਤੇ ੩੦੦੦) ਰੁਪਏ ਟਾਈਪ ਆਦਿ ਦੇ ਖ਼ਰਚ ਵਜੋਂ ਦੇਣ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵਾਹਦਾ ਹੋਣ ਤੇ ਹੇਠ ਲਿਖੀਆਂ ਤਿੰਨ ਬੇਸੀਦਾ ਕਿਤਾਬਾਂ ਦੇਣੀਆਂ ਕਰਾਰ ਪਾਈਆਂ :—

੧. ਪਰਸ਼ੀਅਨ ਸੋਰਸਜ਼ ਆਫ਼ ਸਿੱਖ ਹਿਸਟਰੀ,

੨. ਬਿਬਲੋਗ੍ਰਾਫ਼ੀ ਆਫ਼ ਸਿੱਖ ਹਿਸਟਰੀ, ਅਤੇ

੩. ਲਾਈਫ਼ ਆਫ਼ ਬੰਦਾ ਸਿੰਘ ਬਹਾਦਰ (ਪੰਜਾਬੀ ਅਨੁਵਾਦ)

ਪਰ ਡਾਕਟਰ ਸਾਹਿਬ ਇਸ ਸਮੇਂ ਗੁਰੂ ਸਾਹਿਬਾਨ ਦੇ ਹੁਕਮਨਾਮਿਆਂ ਬਾਰੇ ਕੋਈ ਅਮਲੀ ਕਾਰਰਵਾਈ ਨਾ ਕਰ ਸਕੇ।

ਇਸ ਲਈ ਇਸ ਤੋਂ ਬਾਦ ਸੰਨ ੧੯੬੦ ਵਿਚ ਜਦੋਂ ਸ: ਰਣਧੀਰ ਸਿੰਘ ਨੇ ਸ਼੍ਰੋ: ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੁਕਮ ਨਾਲ ਇਸ ਕੰਮ ਵਾਸਤੇ ਪੰਜਾਬ, ਉੱਤਰ ਪ੍ਰਦੇਸ਼, ਬਿਹਾਰ, ਬੰਗਾਲ ਆਦਿ ਇਲਾਕਿਆਂ ਦਾ ਦੌਰਾ ਸ਼ੁਰੂ ਕੀਤਾ ਤਾਂ ਮਤਾ ਨੰ: ੩੭੧, ਮਿਤੀ ੩੦—੪—੬੦ ਦੇ ਅਨੁਸਾਰ ਸ: ਰਣਧੀਰ ਸਿੰਘ ਇਨ੍ਹਾਂ ਹੁਕਮਨਾਮਿਆਂ ਦੇ ਸੰਪਾਦਕ ਅਤੇ ਡਾਕਟਰ ਗੰਡਾ ਸਿੰਘ ਹੋਰੀਂ ਕੇਵਲ ਭੂਮਿਕਾ ਲੇਖਕ ਤੇ ਸੰਸ਼ੋਧਕ ਨਿਯਤ ਹੋਏ।

## ਹੁਕਮਨਾਮਿਆਂ ਦਾ ਸੰਗ੍ਰਹ ਤੇ ਸੰਪਾਦਨ

ਸੰਨ ੧੯੬੦ ਤੋਂ ੧੯੬੪ ਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਸ ਤਰ੍ਹਾਂ ਅਥਾਹ ਰੁਪਏ ਖ਼ਰਚਣ ਤੇ ਯਤਨ ਕਰਨ ਪਿੱਛੋਂ ਜਦ ਗੁਰੂ ਸਾਹਿਬਾਨ, ਸਿੱਖ ਆਗੂਆਂ ਆਦਿ ਦੇ ਹੁਕਮਨਾਮਿਆਂ ਦਾ ਚੋਖਾ ਸੰਗ੍ਰਹ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵਿਚ ਜਮਾ ਹੋ ਗਿਆ ਅਤੇ ਉਨ੍ਹਾਂ ਦੇ ਫ਼ੋਟੋ-ਬਲਾਕ ਬਣਵਾਣ ਦੇ ਜਤਨ ਹੋਣ ਲੱਗੇ ਤੇ ਇਸ ਦੇ ਨਾਲ ਹੀ ਉਨ੍ਹਾਂ ਦੀ ਪ੍ਰੈਸ ਕਾਪੀ ਕਰਨ ਦਾ ਸਵਾਲ ਵੀ ਪੈਦਾ ਹੋਇਆ। ਸਰਦਾਰ ਰਣਧੀਰ ਸਿੰਘ ਜੀ ਨੇ, ਜੋ ਇਸ ਕਾਰਜ ਨੂੰ ਸਿਰੇ ਚਾੜ੍ਹਨ ਲਈ ਸੰਪਾਦਕ ਨਿਯਤ ਹੋਏ ਸਨ, ਉਨ੍ਹਾਂ ਵਿਚੋਂ



Digitized by Panjab Digital Library | www.panjabdigilib.org

ਕਿਤਨੇ ਹੀ ਹੁਕਮਨਾਮਿਆਂ ਦੇ ਖਰੜੇ ਤਿਆਰ ਕੀਤੇ ਅਤੇ ਬਲਾਕ ਆਦਿ ਬਣਵਾਏ, ਪਰ ਫੇਰ ਉਹ ਛੇਤੀ ਹੀ ਸਰਵਿਸ ਤੋਂ ਰੀਟਾਇਰ ਹੋ ਗਏ। ਡਾਕਟਰ ਗੰਡਾ ਸਿਘ ਜੀ, ਜੋ ਪਹਿਲਾਂ ਹੀ ਇਸ ਕੰਮ ਤੋਂ ਇਕ ਪਾਸੇ ਹੋ ਕੇ ਪਟਿਆਲੇ ਰਹਿੰਦੇ ਸਨ, ਕੁਝ ਸਮਾਂ ਖ਼ਾਲਸਾ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਰਹਿਣ ਪਿੱਛੋਂ ਫੇਰ ਪੰਜਾਬੀ ਯੂਨੀਵਰਸਿਟੀ ਵਿਚ ਪੰਜਾਬ ਦੇ ਇਤਿਹਾਸਿਕ ਅਧਿਐਨ ਭਾਗ ਦੇ ਡਾਇਰੈਕਟਰ ਜਾ ਲੱਗੇ, ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਹੁਕਮਨਾਮਿਆਂ ਦੇ ਸੰਪਾਦਨ ਦਾ ਕੰਮ ਰਣਧੀਰ ਸਿੰਘ ਹੋਰਾਂ ਤੋਂ ਹਟਕੇ ਡਾ: ਤ੍ਰਿਲੋਚਨ ਸਿੰਘ ਜੀ ਨੂੰ ਦੇਣ ਦਾ ਫ਼ੈਸਲਾ ਹੋਇਆ ਅਤੇ ਫੇਰ ਕਿਸੇ ਕਾਰਣ ਇਸ ਕੰਮ ਦਾ ਗੁਣਾਂ ਪਹਿਲਾਂ ਪ੍ਰੋ: ਸਤਿਬੀਰ ਸਿੰਘ ਜੀ, ਫੇਰ ਪ੍ਰੋ: ਜੋਗਿੰਦਰ ਸਿੰਘ ਜੀ ਦਿੱਲੀ, ਪ੍ਰੋ: ਕਿਰਪਾਲ ਸਿੰਘ ਜੀ ਖ਼ਾਲਸਾ ਕਾਲਜ, ਅਮ੍ਰਿਤਸਰ ਆਦਿ ਥੀਂ ਹੁੰਦਾ ਹੋਇਆ ਗਿਆਨੀ ਗੁਰਦਿੱਤ ਸਿੰਘ ਜੀ ਐਡੀਟਰ ਰੋਜ਼ਾਨਾ 'ਪ੍ਰਕਾਸ਼' ਚੰਡੀਗੜ੍ਹ ਦੇ ਨਾਂ ਜਾ ਪਿਆ, ਪਰ ਆਖ਼ਰੀ ਫ਼ੈਸਲਾ ਏਨੀ ਛੇਤੀ ਨਾ ਹੋ ਸਕਿਆ, ਜਿਸ ਕਰ ਕੇ ਇਹ ਕੰਮ ਸੰਨ ੧੯੬੬ ਦੇ ਮਹੀਨਾ ਨਵੰਬਰ ਤਕ ਅਧਵਾਟੇ ਹੀ ਲਮਕਦਾ ਰਿਹਾ।


## ਪੰਜਾਬੀ ਯੂਨੀਵਰਸਿਟੀ ਦੀ ਮੰਗ ਤੇ ਕਮੇਟੀ ਵਲੋਂ ਨਾਂਹ

ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਪੰਜਾਬੀ ਯੂਨੀਵਰਸਿਟੀ ਪਟਿਆਲਾ ਬਣਨ ਤੇ ਡਾਕਟਰ ਗੰਡਾ ਸਿੰਘ ਜੀ ਇਸ ਯੂਨੀਵਰਸਿਟੀ ਦੇ ਪੰਜਾਬ ਇਤਿਹਾਸਿਕ ਅਧਿਐਨ ਭਾਗ ਵਿਚ ਡਾਇਰੈਕਟਰ ਨਿਯੁਕਤ ਹੋ ਗਏ। ਇਸ ਸਮੇਂ ਅੱਠ ਜਿਲਦਾਂ ਵਿਚ ਪੰਜਾਬ ਦਾ ਇਤਿਹਾਸ ਲਿਖਣ ਦੀ ਇਕ ਸਕੀਮ ਬਣਾਈ ਗਈ, ਜੋ ਡਾਕਟਰ ਜੀ ਦੀਆਂ ਸਿੱਖ ਇਤਿਹਾਸ ਲਿਖਣ ਦੀਆਂ ਪਹਿਲੀਆਂ ਸਕੀਮਾਂ ਵਾਂਗੂ ਹੀ ਬੜੀ ਅਹਿਮ ਮੰਨੀ ਗਈ। ਡਾਕਟਰ ਜੀ ਨੇ ਇਸ ਸਕੀਮ ਦੇ ਸਿਰੇ ਚਾੜ੍ਹਨ ਵਲ ਏਨਾ ਧਿਆਨ ਦਿੱਤਾ ਜਾਂ ਨਹੀਂ, ਇਹ ਤਾਂ ਇਕ ਅਲੱਗ ਗੱਲ ਹੈ, ਪਰ ਸੰਨ ੧੯੬੬ ਦੇ ਆਰੰਭ ਵਿਚ ਹੀ ਉਨ੍ਹਾਂ ਨੇ ਸ: ਰਣਧੀਰ ਸਿੰਘ ਤੇ ਪ੍ਰਸਿੱਧ ਖੋਜੀ ਗਿਆਨੀ ਗਰਜਾ ਸਿੰਘ ਜੀ ਸਿਆਲਕੋਟੀ ਨੂੰ, ਜੋ ਇਸ ਸਮੇਂ ਵਿਹਲੇ ਹੀ ਸਨ, ਕਿਸੇ ਖਾਸ ਮੁੱਦੇ ਨੂੰ ਮੁੱਖ ਰੱਖ ਕੇ ਆਪਣੇ ਪਾਸ ਹੀ ਨਿਯੁਕਤ ਕਰਵਾ ਲਿਆ। ਅਚਾਣਕ ਇਸ ਸਮੇਂ ਮੈਂ ਵੀ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਦੀ ਸਰਵਿਸ ਤੋਂ ਹਟ ਕੇ ਡਾਕਟਰ ਗੰਡਾ ਸਿੰਘ ਜੀ ਦੇ ਸੈਕਸ਼ਨ ਵਿਚ ਹੀ ਜਾ ਭਰਤੀ ਹੋਇਆ। ਇਸ ਸਮੇਂ ਡਾਕਟਰ ਗੰਡਾ ਸਿੰਘ ਜੀ ਦੀਆਂ ਨਜ਼ਰਾਂ ਇਤਨੀਆਂ ਪੰਜਾਬ ਦੇ ਇਤਿਹਾਸ ਵਲ ਨਹੀਂ ਸਨ ਜਿਤਨੀਆਂ ਕਿ ਗੁਰੂ ਸਾਹਿਬਾਨ ਦੇ ਹੁਕਮਨਾਮਿਆਂ ਦੇ ਸੰਪਾਦਨ ਵਲ ਲੱਗੀਆਂ ਹੋਈਆਂ ਸਨ, ਇਸ



Digitized by Panjab Digital Library | www.panjabdigilib.org

ਲਈ ਉਨ੍ਹਾਂ ਨੇ ਸ: ਹਰਬੰਸ ਸਿੰਘ ਜੀ ਰਜਿਸਟਰਾਰ ਪੰਜਾਬੀ ਯੂਨੀਵਰਸਿਟੀ ਵਲੋਂ ਇਕ ਚਿੱਠੀ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅਮ੍ਰਿਤਸਰ ਦੇ ਨਾਂ ਹੁਕਮਨਾਮਿਆਂ ਦੇ ਫ਼ੋਟੋ-ਬਲਾਕ ਲੈਣ ਲਈ ਲਿਖਵਾ ਭੇਜੀ, ਜੋ ਹੂ-ਬ-ਹੂ ਇਸ ਪ੍ਰਕਾਰ ਹੈ:—



252
29

REGISTRAR

PUNJABI UNIVERSITY
PATIALA

ਫਰਵਰੀ 15, 1966
2152/PHS
161-166

ਸ੍ਰੀਮਾਨ ਸਕੱਤਰ ਸਾਹਿਬ,
ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ,
ਅੰਮ੍ਰਿਤਸਰ

ਸ੍ਰੀਮਾਨ ਜੀਓ,

ਸਾਨੂੰ ਪਤਾ ਲੱਗਾ ਹੈ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਕੁਝ ਸਾਹਿਬਾਂ ਦੀਆਂ ਬਹੁਤ ਸਾਰੀਆਂ ਹੱਥ- ਲਿਖਤਾਂ 'ਹੁਕਮਨਾਮੇ' ਤੇ ਹੁਕਮਨਾਮੇ ਇਕੱਠੇ ਕਰਵਾਏ, ਅਤੇ ਉਨ੍ਹਾਂ ਦੇ ਫੋਟੋ- ਬਲਾਕ ਭੀ ਬਣਵਾਏ ਸਨ। ਇਹ ਹਾਲ ਤਕ ਪ੍ਰਕਾਸ਼ਤ ਨਹੀਂ ਹੋਏ। ਜੇ ਤੁਸੀ ਇਹ ਸੇਵਾ ਯੂਨੀਵਰਸਿਟੀ ਨੂੰ ਬਖ਼ਸ਼ ਸਕੋ ਅਤੇ ਬਲਾਕ ਆਦਿ ਦੇ ਸਕੋ, ਤਾਂ ਅਸੀਂ ਛੇਤੀ ਹੀ ਇਨ੍ਹਾਂ ਨੂੰ ਪ੍ਰਕਾਸ਼ਤ ਕਰਨ ਦਾ ਪ੍ਰਬੰਧ ਕਰ ਦਿਆਂਗੇ। ਉਤਰ ਛੇਤੀ ਬਖਸ਼ਨਾ।

ਦਾਸ
(ਹਰਬੰਸ ਸਿੰਘ)



Digitized by Panjab Digital Library | www.panjabdigilib.org

ਡਾਕਟਰ ਗੰਡਾ ਸਿੰਘ ਜੀ ਨੇ ਅਜਿਹਾ ਪਤ੍ਰ ਆਪ੍ਹੁੰ ਸਿੱਧਾ ਨਾ ਭੇਜਿਆ, ਸਗੋਂ ਆਪਣੇ ਪਰਮ ਸਨੇਹੀ ਰਜਿਸਟਰਾਰ ਸਾਹਿਬ ਰਾਹੀਂ ਭਿਜਵਾਇਆ।

ਸਕੱਤਰ ਸਾਹਿਬ ਸ਼੍ਰੋਮਣੀ ਕਮੇਟੀ ਇਹ ਪਤ੍ਰ ਪੜ੍ਹਨ ਸਾਰ ਫ਼ੌਰਨ ਅਸਲ ਗੱਲ ਨੂੰ ਤਾੜ ਗਏ ਅਤੇ ਉਨ੍ਹਾਂ ਨੇ ਇਸ ਦਾ ਯੋਗ ਉੱਤਰ ਦੇ ਕੇ ਇਹ ਪਤ੍ਰ ਸਿੱਧਾ ਸਿੱਖ-ਇਤਿਹਾਸ ਰੀਸਰਚ ਬੋਰਡ ਪਾਸ ਭੇਜ ਦਿੱਤਾ। ਇਸ ਬੋਰਡ ਦੀ ਮੀਟਿੰਗ ਹੋਣ ਵਿਚ ਅਜੇ ਦੇਰ ਸੀ, ਪਰ ਡਾਕਟਰ ਗੰਡਾ ਸਿੰਘ ਜੀ ਇਹ ਢਿੱਲ ਕਿਵੇਂ ਬਰਦਾਸ਼ਤ ਕਰ ਸਕਦੇ ਸਨ, ਇਸ ਲਈ ਉਨ੍ਹਾਂ ਨੇ ਉੱਤੋਂਤੁੱਤੀ ਕਈ ਚਿੱਠੀਆਂ ਤੇ ਤਾਰਾਂ ਭੇਜਣ ਤੋਂ ਉਪਰੰਤ ਕਾਹਲੇ ਪੈ ਕੇ ਧਮਕੀ ਦੇਂਦਿਆਂ ਲਿਖ ਦਿੱਤਾ ਕਿ "ਜੇ ਸ਼੍ਰੋਮਣੀ ਕਮੇਟੀ ਵਲੋਂ ੧੫ ਸਤੰਬਰ, ੧੯੬੬ ਤਕ ਹੁਕਮਨਾਮਿਆਂ ਦੇ ਫ਼ੋਟੋ-ਬਲਾਕ ਨਾ ਪੁੱਜੇ ਤਾਂ ਯੂਨੀਵਰਸਿਟੀ ਖ਼ੁਦ ਬਲਾਕ ਬਣਵਾ ਲਵੇਗੀ*।" ਇਸ ਪਤ੍ਰ ਦਾ ਖਰਾ ਖਰਾ ਉੱਤਰ ਸ਼੍ਰੋਮਣੀ ਕਮੇਟੀ ਵਲੋਂ ਇਨ੍ਹਾਂ ਸ਼ਬਦਾਂ ਵਿਚ ਦਿੱਤਾ ਗਿਆ :—

"ਹੁਕਮਨਾਮਿਆਂ ਦਾ ਮੈਟਰ ਆਪ ਸਾਥੋਂ ਮੰਗ ਰਹੇ ਹੋ ਜਦ ਕਿ ਆਪ ਪਾਸ ਮੈਟਰ ਦੀ ਹੋਂਦ ਨਹੀਂ, ਤਾਂ ਹੀ ਆਪ ਨੇ ਖੇਚਲ ਕੀਤੀ ਹੈ। ਅਸਾਂ ਨੂੰ ਯਾਦ ਕੀਤਾ ਹੈ। ਇਸ ਲਈ ਜੇ ਕਿਸੇ ਪੁਰਾਣੇ ਸਮੇਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਕਰਮਚਾਰੀ ਜਾਂ ਹੋਰ ਜ਼ਰੀਏ ਨਾਲ ਆਪ ਪਾਸ ਮੈਟਰ ਪਹੁੰਚਿਆ ਹੈ ਤਾਂ ਉਸ ਦੀ ਬਿਨਾਂ ਪਰਵਾਨਗੀ ਛਪਾਈ ਬਰੀਚ ਆਫ਼ ਟ੍ਰਸਟ ਹੋਵੇਗੀ। ਆਪ ਜੀ ਵੀ ਸ਼ਾਇਦ ਐਸੀ ਕਾਰਵਾਈ ਨੂੰ ਪਸੰਦੀਦਾ ਨਿਗਾਹ ਨਾਲ ਨਹੀਂ ਦੇਖੋਗੇ। ਆਸ ਹੈ, ਆਪ ਬੋਰਡ ਦਾ ਫ਼ੈਸਲਾ ਉਡੀਕ ਕੇ ਹੀ ਕੋਈ ਅਗਲਾ ਕਦਮ ਉਠਾਓਗੇ।"

(ਦੇਖੋ, ਸ਼੍ਰੋ: ਕਮੇਟੀ ਦਾ ਪਤ੍ਰ ਨੰਬਰ ੨੨੩੬੭, ਮਿਤੀ ੧੬-੯-੧੯੬੬)

ਇਸ ਤੋਂ ਜਾਪਦਾ ਹੈ ਕਿ ਡਾਕਟਰ ਗੰਡਾ ਸਿੰਘ ਜੀ ਦੇ ਕੋਲ ਹੁਕਮਨਾਮਿਆਂ ਦੇ ਵਾਧੂ ਫੋਟੋ ਅਤੇ ਨਕਲਾਂ ਪਹਿਲਾਂ ਸਿੱਖ ਹਿਸਟਰੀ ਸੁਸਾਇਟੀ ਦੇ ਸਮੇਂ ਤੋਂ ਹੀ ਜਾਂ ਪਿੱਛੋਂ ਸ: ਰਣਧੀਰ ਸਿੰਘ ਜੀ ਦੇ ਰਾਹੀਂ ਜਮ੍ਹਾਂ ਹੋ ਗਈਆਂ ਸਨ, ਇਸ ਲਈ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਤੋਂ ਬਿਨਾ ਪਰਵਾਨਗੀ ਲਏ ਹੀ ਪੰਜਾਬੀ ਯੂਨੀਵਰਸਿਟੀ ਵਲੋਂ ਹੁਕਮਨਾਮਿਆਂ ਦਾ ਸੰਪਾਦਨ ਕਰ ਦਿੱਤਾ ਜੋ ਕਿ ਉਨ੍ਹਾਂ ਲਈ ਉਚਿਤ ਨਹੀਂ ਸੀ।

---

*ਦੇਖੋ, ਪੱਤ੍ਰ ਨੰ: ੨੫੦੪/ਪੀ. ਹਿ. ਸ. ਮਿਤੀ ੮ ਜੂਨ, ੧੯੬੬।



Digitized by Panjab Digital Library | www.panjabdigilib.org

## ਹੁਕਮਨਾਮਿਆਂ ਦਾ ਸੰਪਾਦਨ ਤੇ ਪ੍ਰਕਾਸ਼ਨ

ਸ਼੍ਰੋਮਣੀ ਗੁ: ਪ੍ਰ: ਕਮੇਟੀ ਨੇ ਡਾਕਟਰ ਗੰਡਾ ਸਿੰਘ ਦੇ ਸੁਝਾਉ ਨੂੰ ਚੂੰਕਿ ਪਹਿਲਾਂ ਹੀ ਉਸ ਦੀ ੮ ਜੂਨ, ੧੯੬੬ ਦੀ ਚਿੱਠੀ ਤੋਂ ਪਰਖ ਲਿਆ ਸੀ, ਇਸ ਲਈ ਸਿੱਖ-ਇਤਿਹਾਸ ਰੀਸਰਚ ਬੋਰਡ (ਸ਼੍ਰੋਮਣੀ ਕਮੇਟੀ) ਦੇ ਮਤਾ ਨੰਬਰ ੧੬੦, ਮਿਤੀ ੨੦ ਸਤੰਬਰ, ੧੯੬੬ ਰਾਹੀਂ ਪੰਜਾਬੀ ਯੂਨੀਵਰਸਿਟੀ ਦੀ ਦਰਖ਼ਾਸਤ ਰੱਦ ਕਰਨ ਤੋਂ ਉਪਰੰਤ ਫੈਸਲਾ ਗਿਆਨੀ ਗੁਰਦਿੱਤ ਸਿੰਘ ਜੀ ਚੰਡੀਗੜ੍ਹ ਦੇ ਹੱਕ ਵਿਚ ਕਰ ਦਿੱਤਾ, ਪਰ ਫੇਰ ਉਨ੍ਹਾਂ ਨਾਲ ਵੀ ਗੱਲ ਸਿਰੇ ਨਾ ਚੜ੍ਹਨ ਤੇ ਦਸੰਬਰ, ੧੯੬੬ ਦੇ ਅਖ਼ੀਰ ਵਿਚ ਇਹ ਸੇਵਾ ਦਾਸ ਦੇ ਜ਼ਿਮੇਂ ਲਗਾਈ ਗਈ।

ਮੈਂ ਚੂੰਕਿ ਇਸ ਤੋਂ ਪਹਿਲਾਂ ਸੰਨ ੧੯੬੪-੬੫ ਵਿਚ ਕੁਝ ਸਮਾਂ ਸ਼੍ਰੋ: ਗੁ: ਪ੍ਰ: ਕਮੇਟੀ ਦੀ ਸੇਵਾ ਵਿਚ ਰਹਿ ਕੇ ਗੁਰੂ ਸਾਹਿਬਾਨ ਦੇ ਲਗਭਗ ਸਾਰੇ ਹੀ ਹੁਕਮਨਾਮਿਆਂ ਨੂੰ ਕ੍ਰਮਿਕ ਰੂਪ ਦੇ ਕੇ ਇਨ੍ਹਾਂ ਦੇ ਸੰਪਾਦਨ ਦਾ ਕੰਮ ਕਿਸੇ ਹੱਦ ਤਕ ਮੁਕਾ ਗਿਆ ਸੀ, ਜਿਸ ਦਾ ਜ਼ਿਕਰ ਨਵੰਬਰ, ੧੯੬੬ ਦੇ 'ਗੁਰਦੁਆਰਾ ਗਜ਼ਟ' ਵਿਚ ਸਫ਼ਾ ੮੧—੮੨ ਪਰ ਸੰਕੇਤ ਵਜੋਂ ਕੀਤਾ ਹੋਇਆ ਹੈ,ਪਰੰਤੂ ਜਦੋਂ ਮੈਂ ਪੰਜਾਬੀ ਯੂਨੀਵਰਸਿਟੀ,ਪਟਿਆਲਾ ਦੀ ਸਰਵਿਸ ਤੋਂ ਇਸੇ ਸਾਲ ਦਸੰਬਰ ਦੇ ਅੰਤ ਵਿਚ ਵਿਹਲਾ ਹੋਣ ਤੇ ਆਰੰਭ ਜਨਵਰੀ, ੧੯੬੭ ਵਿਚ ਉਸੇ ਸੇਵਾ ਉਤੇ ਫੇਰ ਸ਼੍ਰੀ ਅਮ੍ਰਿਤਸਰ ਹਾਜ਼ਰ ਹੋਇਆ ਤਾਂ ਮੈਂ ਦੇਖਿਆ ਕਿ ਉਹ ਹੁਕਮਨਾਮਿਆਂ ਦੀ ਪ੍ਰੈਸ ਕਾਪੀ ਗੁੰਮ ਹੋ ਚੁਕੀ ਸੀ,ਜਿਸ ਕਰਕੇ ਮੈਨੂੰ ਮਜਬੂਰਨ ਕਮੇਟੀ ਵੇ ਇਸ ਸੰਬੰਧ ਵਿਚ ਸਾਰੇ ਨਵੇਂ-ਪੁਰਾਣੇ ਰੀਕਾਰਡ, ਜੋ ਵੀ ਮਿਲ ਸਕੇ ਇਕਤ੍ਰ ਕਰਕੇ, ਸ: ਰਣਧੀਰ ਸਿੰਘ ਹੋਰਾਂ ਦੀ ਖੋਜ ਨੂੰ ਚੰਗੀ ਤਰ੍ਹਾਂ ਵਿਚਾਰ ਕੇ ਅਤੇ ਛੋਟੇ-ਬਲਾਕਾਂ ਨੂੰ ਸਿਲਸਿਲੇਵਾਰ ਜੋੜ ਕੇ ਸਾਰੀ ਦੀ ਸਾਰੀ ਪ੍ਰੈਸ ਕਾਪੀ ਨਵੇਂ ਸਿਰੇ ਤਿਆਰ ਕਰਨੀ ਪਈ, ਜੋ ਇਕ ਮੁਸ਼ਕਿਲ ਜਿਹੀ ਗੱਲ ਸੀ। ਫੇਰ ਵੀ ਪ੍ਰਿੰਸੀਪਲ ਸਰਮੁਖ ਸਿੰਘ ਜੀ ਅਮੋਲ, ਸ਼੍ਰੀ ਗੁਰੂ ਅਰਜਨ ਦੇਵ ਕਾਲਜ, ਤਰਨ ਤਾਰਨ, ਪ੍ਰੋ: ਦੀਵਾਨ ਸਿੰਘ ਜੀ, ਪ੍ਰੋ: ਪ੍ਰਕਾਸ਼ ਸਿੰਘ ਜੀ ਖ਼ਾਲਸਾ ਕਾਲਜ, ਸ: ਭਾਨ ਸਿੰਘ ਜੀ ਐਮ. ਏ. ਅਮ੍ਰਿਤਸਰ ਅਤੇ ਸ: ਕੁਲਵੰਤ ਸਿੰਘ ਜੀ ਲਾਇਬ੍ਰੇਰੀਅਨ ਸਿੱਖ ਰੈਫ਼ਰੈਂਸ ਲਾਇਬਰੇਰੀ, ਸ਼੍ਰੀ ਦਰਬਾਰ ਸਾਹਿਬ, ਅਮ੍ਰਿਤਸਰ ਦਾ ਪੂਰਾ ਪੂਰਾ ਸਹਿਯੋਗ ਮਿਲਣ ਤੇ ਇਹ ਸੇਵਾ ਸਿਰੇ ਚੜ੍ਹ ਹੀ ਗਈ ਜਿਸ ਕਰਕੇ ਸੰਪਾਦਕ ਇਨ੍ਹਾਂ ਸਜਣਾਂ ਦਾ ਹਾਰਦਿਕ ਕ੍ਰਿਤਗਜ ਹੈ।

ਇਹ ਪੁਸਤਕ ਜਿਸਤਰ੍ਹਾਂ ਸਾਧਾਰਣ ਜੇਹੀ ਰੂਪ-ਰੇਖਾ ਬਣਨ ਤੇ ਤੇਜ਼ੀ ਨਾਲ



Digitized by Panjab Digital Library | www.panjabdigilib.org

ਤਿਆਰ ਹੁੰਦੀ ਗਈ, ਉਸੇ ਤਰ੍ਹਾਂ ਨਾਲੋ ਨਾਲ ਤੇਜ ਪ੍ਰਿੰਟਿੰਗ ਪ੍ਰੈਸ ਵਿਚ ਛੇਤੀ ਛੇਤੀ ਛਪਦੀ ਵੀ ਗਈ, ਇਸ ਲਈ ਇਤਨੀ ਕਾਹਲੀ ਹੋਣ ਤੇ ਜੇ ਕਿਸੇ ਪਾਸੇ ਕੋਈ ਕਮੀ ਇਸ ਦੇ ਸੰਪਾਦਨ ਆਦਿ ਵਿਚ ਰਹਿ ਗਈ ਹੋਵੇ ਤਾਂ ਮੈਂ ਉਸ ਬਾਰੇ ਪਾਠਕਾਂ ਪਾਸੋਂ ਖਿਮਾਂ ਦੀ ਯਾਚਨਾ ਦੇ ਨਾਲ ਹੀ ਅਗਲੀ ਐਡੀਸ਼ਨ ਲਈ ਉਚਿਤ ਸੁਧਾਈਆਂ ਕਰਨ ਸੰਬੰਧੀ ਯੋਗ ਸੁਝਾਵਾਂ ਦੀ ਵੀ ਭਰਪੂਰ ਆਸ ਰਖਦਾ ਹਾਂ। ਸ੍ਰਦਾਰ ਤੇਜਾ ਸਿੰਘ ਜੀ ਸੇਠੀ, ਜਿਨ੍ਹਾਂ ਨੇ ਇਸ ਪੁਸਤਕ ਦੇ ਸੁਹਜ-ਪੂਰਵਕ ਪ੍ਰਕਾਸ਼ਿਤ ਕਰਨ ਵਿਚ ਸਮੇਂ ਸਮੇਂ ਸਿਰ ਸਹਾਇਤਾ ਕੀਤੀ ਹੈ, ਸੰਪਾਦਕ ਵਲੋਂ ਪੂਰੇ ਪੂਰੇ ਧੰਨਵਾਦ ਦੇ ਹੱਕਦਾਰ ਹਨ।

ਸ਼੍ਰੀ ਅਮ੍ਰਿਤਸਰ
ਪ ਅਕਤੂਬਰ, ੧੯੬੭

—ਸ਼ਮਸ਼ੇਰ ਸਿੰਘ ਅਸ਼ੋਕ



Digitized by Panjab Digital Library | www.panjabdigilib.org

# ਪ੍ਰਸਤਾਵਨਾ

## ਨੀਸਾਣ ਤੇ ਹੁਕਮਨਾਮੇ

ਹੁਣ ਏਥੇ ਸਭ ਤੋਂ ਪਹਿਲਾਂ ਨੀਸਾਣਾਂ ਤੇ ਹੁਕਮਨਾਮਿਆਂ ਦੇ ਇਸ ਸੰਗ੍ਰਹ ਬਾਰੇ ਕੁਝ ਕੁ ਸੰਖੇਪ ਵੇਰਵਾ ਦੇਣਾ ਜ਼ਰੂਰੀ ਹੈ ਤਾਂ ਜੋ ਪਾਠਕਾਂ ਨੂੰ ਇਨ੍ਹਾਂ ਦੀ ਤਾਰੀਖ਼ੀ ਅਹਿਮੀਅਤ ਦਾ ਸਹੀ ਤੇ ਠੀਕ ਪਤਾ ਲੱਗ ਸਕੇ। 'ਨੀਸਾਣ' ਤੋਂ ਭਾਵ ਹੈ ਗੁਰੂ ਸਾਹਿਬਾਨ ਦੇ ਦਸਤਖ਼ਤ ਜਾਂ ਹਸਤਾਖਰ, ਤੇ ਹੁਕਮਨਾਮੇ ਇਕ ਪ੍ਰਕਾਰ ਦੇ ਪਰਵਾਨੇ ਜਾਂ ਆਗਿਆ ਪਤ੍ਰਾਂ ਦਾ ਹੀ ਦੂਜਾ ਨਾਮ ਹੈ। ਇਹ ਨੀਸਾਣ ਤੇ ਹੁਕਮਨਾਮੇ ਪੰਚਮ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਤੋਂ ਲੈ ਕੇ ਦਸਮ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਤਕ, ਤੇ ਫੇਰ ਉਨ੍ਹਾਂ ਦੇ ਪਰਿਵਾਰ ਜਾਂ ਪ੍ਰਸਿੱਧ ਸਿੱਖ ਆਗੂਆਂ ਅਥਵਾ ਸ਼੍ਰੀ ਅਕਾਲ ਤਖ਼ਤ, ਸ਼੍ਰੀ ਪਟਨਾ ਸਾਹਿਬ ਆਦਿ ਵਲੋਂ ਵੱਖੋ ਵੱਖ ਸਮਿਆਂ ਉਤੇ ਖ਼ਾਸ ਖ਼ਾਸ ਲੋੜਾਂ ਨੂੰ ਮੁਖ ਰੱਖ ਕੇ ਜਾਰੀ ਹੁੰਦੇ ਰਹੇ, ਜਿਸ ਕਰਕੇ ਸਿੱਖ ਸਭਜਾਚਾਰ ਤੇ ਇਤਿਹਾਸ ਦੇ ਪੱਖ ਤੋਂ ਇਨ੍ਹਾਂ ਹੁਕਮਨਾਮਿਆਂ ਦੀ ਬੜੀ ਮਹਾਨਤਾ ਹੈ।

ਕੁੱਲ ਨੀਸਾਣ ਤੇ ਹੁਕਮਨਾਮੇ ਜਾਂ ਹੋਰ ਹੱਥ ਲਿਖਤਾਂ, ਜੋ ਇਸ ਸੰਗ੍ਰਹ ਵਿਚ ਦਿੱਤੀਆਂ ਗਈਆਂ ਹਨ, ਵਿਅਕਤੀ ਤੇ ਸਮੇਂ—ਕ੍ਰਮ ਦੇ ਅਨੁਸਾਰ ੧੨੨ ਹਨ, ਜੋ ਇਸ ਪ੍ਰਕਾਰ ਹਨ :

| | |
|---|---|
| ੧. ਪੰਚਮ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਨੀਸਾਣ | ੨ |
| ੨. ਛੇਵੇਂ ਪਾਤਸ਼ਾਹ ਸ਼੍ਰੀ ਗੁਰੂ ਹਰਿਗੋਬਿੰਦ ਜੀ ਦੇ ਨੀਸਾਣ | ੨ |
| ਤੇ ਹੁਕਮਨਾਮੇ | ੩ |



Digitized by Panjab Digital Library | www.panjabdigilib.org

| | |
|---|---|
| ੩. ਬਾਬਾ ਗੁਰਦਿੱਤਾ ਜੀ ਦਾ ਹੁਕਮਨਾਮਾ | ੧ |
| ੪. ਸੱਤਵੇਂ ਪਾਤਸ਼ਾਹ ਸ਼੍ਰੀ ਗੁਰੂ ਹਰਿ ਰਾਇ ਜੀ ਦੇ ਨੀਸਾਣ | ੩ |
| ੫. ਅੱਠਵੇਂ ਪਾਤਸ਼ਾਹ ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਨੀਸਾਣ | ੧ |
| ਤੇ ਹੁਕਮਨਾਮਾ | ੧ |
| ੬. ਨੌਵੇਂ ਪਾਤਸ਼ਾਹ ਸ਼੍ਰੀ ਗੁਰੂ ਤੇਗ਼ ਬਹਾਦੁਰ ਜੀ ਦੇ ਨੀਸਾਣ | ੭ |
| ਤੇ ਹੁਕਮਨਾਮੇ | ੩੦ |
| ੭. ਮਾਤਾ ਗੁਜਰੀ ਜੀ ਦਾ ਹੁਕਮਨਾਮਾ | ੧ |
| ੮. ਦਸ਼ਮ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨੀਸਾਣ | ੧੪ |
| ਤੇ ਹੁਕਮਨਾਮੇ | ੩੧ |
| ੯. ਮਾਤਾ ਸੁੰਦਰੀ ਜੀ ਦੇ ਹੁਕਮਨਾਮੇ | ੯ |
| ੧੦. ਮਾਤਾ ਸਾਹਿਬ ਦੇਵੀ ਜੀ ਦੇ ਹੁਕਮਨਾਮੇ | ੮ |
| ੧੧. ਬਾਬਾ ਬੰਦਾ ਬਹਾਦੁਰ ਜੀ ਦੇ ਹੁਕਮਨਾਮੇ | ੨ |
| ੧੨. ਬਾਬਾ ਸਾਹਿਬ ਸਿੰਘ ਜੀ ਬੇਦੀ ਦਾ ਹੁਕਮਨਾਮਾ | ੧ |
| ੧੩. ਸ਼੍ਰੀ ਤਖ਼ਤ ਸਾਹਿਬਾਨ ਦੇ ਹੁਕਮਨਾਮੇ | ੪ |
| ੧੪. ਸ਼੍ਰੀ ਦਸ਼ਮ ਗ੍ਰੰਥ ਦੇ ਦੋ ਪਤ੍ਰੇ | ੨ |
| ਕੁੱਲ ਜੋੜ | ੧੨੨ |

ਇਸ ਤਰ੍ਹਾਂ ਇਸ ਸੰਗ੍ਰਹ ਵਿਚ ਕੁੱਲ ੨੯ ਨੀਸਾਣ, ੯੧ ਹੁਕਮਨਾਮੇ ਤੇ ੨ ਪੁਰਾਤਨ ਦਸ਼ਮ ਗ੍ਰੰਥ ਦੇ ਪਤ੍ਰਿਆਂ ਦੇ ਫ਼ੋਟੋ-ਬਲਾਕ ਸ਼ਾਮਲ ਹਨ, ਜੋ ਆਪਣੇ ਆਪ ਵਿਚ ਜੁਦੀ ਜੁਦੀ ਅਹਿਮੀਅਤ ਰਖਦੇ ਹਨ।

## ਗੁਰਮੁਖੀ ਲਿਪੀ ਦਾ ਨਿਕਾਸ ਤੇ ਵਿਕਾਸ

ਇਨ੍ਹਾਂ ਨੀਸਾਣਾਂ ਤੇ ਹੁਕਮਨਾਮਿਆਂ ਦੀ ਸਭ ਤੋਂ ਵੱਡੀ ਮਹਾਨਤਾ ਇਹ ਹੈ ਕਿ ਇਹ ਸਾਨੂੰ ਗੁਰਮੁਖੀ ਲਿਪੀ ਦੇ ਕ੍ਰਮਿਕ ਵਿਕਾਸ ਦਾ ਪਤਾ ਦਿੰਦੇ ਹਨ। ਗੁਰਮੁਖੀ ਲਿਪੀ ਦਾ ਜਨਮ ਕਦੋਂ ਤੇ ਕਿਵੇਂ ਹੋਇਆ, ਇਸ ਬਾਰੇ ਵਿਦਵਾਨਾਂ ਵਿਚ ਕਾਫ਼ੀ ਮੱਤ ਭੇਦ ਹੈ, ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਲਿਪੀ ਦਾ ਚਿਹਰਾ-ਮੁਹਰਾ ਸਵਾਰਨ ਤੇ ਇਸ ਨੂੰ ਨਵਾਂ ਜਨਮ ਦੇਣ ਵਾਲੇ ਸ਼੍ਰੀ ਗੁਰੂ ਨਾਨਕ ਦੇਵ ਜੀ ਤੇ ਸ਼੍ਰੀ ਗੁਰੂ ਅੰਗਦ ਦੇਵ ਜੀ ਹੀ ਸਨ। ਗੁਰੂ ਨਾਨਕ ਸਾਹਿਬ ਦੀ ਬਾਣੀ (ਰਾਗ ਆਸਾ ਪੱਟੀ ਮਹਲਾ ੧) ਤੇ ਜਨਮ ਸਾਖੀ ਗੁਰੂ ਨਾਨਕ



Digitized by Panjab Digital Library | www.panjabdigilib.org

(ਭਾਈ ਬਾਲਾ) ਤੋਂ ਇਸ ਅਸਲੀਅਤ ਦਾ ਬਹੁਤ ਕੁਝ ਪਤਾ ਲਗਦਾ ਹੈ। ਇਸੇ ਕਾਰਣ ਪੁਰਾਣੇ ਲਿਖਾਰੀਆਂ ਵਿਚੋਂ ਕਵੀ ਕੰਕਣ ਆਦਿ ਨੇ ਗੁਰਮੁਖੀ ਦੇ ਜਨਮ-ਦਾਤਾ ਸ਼੍ਰੀ ਗੁਰੂ ਨਾਨਕ ਦੇਵ ਜੀ ਮੰਨੇ ਹਨ ਤੇ ਕਈ ਹੋਰ ਵਿਦਵਾਨਾਂ ਨੇ ਦੂਜੇ ਪਾਤਸ਼ਾਹ ਸ਼੍ਰੀ ਗੁਰੂ ਅੰਗਦ ਦੇਵ ਜੀ। ਗੁਰੂ ਸਾਹਿਬ ਦੇ ਮੁਖ ਤੋਂ ਨਿਕਲੀ ਜਾਂ ਗੁਰੂ ਸਾਹਿਬ ਦੀ ਅਪਣਾਈ ਹੋਈ ਹੋਣ ਕਰਕੇ ਹੀ ਇਸ ਲਿਪੀ ਦਾ ਨਾਮ ਗੁਰਮੁਖੀ ਲਿਪੀ ਹੈ।

ਕੁਝ ਖੋਜੀ ਵਿਦਵਾਨਾਂ ਦੇ ਕਥਨ ਅਨੁਸਾਰ ਗੁਰਮੁਖੀ ਲਿਪੀ ਦਾ ਨਿਕਾਸ ਤੇ ਵਿਕਾਸ ਪੁਰਾਣੀ ਪੰਡਿਤਾਊ ਬ੍ਰਾਹਮੀ ਲਿਪੀ ਤੋਂ ਹੋਇਆ ਹੈ, ਪਰ ਪਿੱਛੋਂ ਪੰਜਾਬ ਦੀਆਂ ਹੋਰ ਲਿਪੀਆਂ-ਟਾਂਕਰੀ, ਭਟੱਛਰੀ, ਲੰਡੇ ਤੇ ਕਸ਼ਮੀਰ ਦੀ ਪ੍ਰਸਿੱਧ ਲਿਪੀ ਸ਼ਾਰਦਾ-ਨੇ ਵੀ ਇਸ ਦਾ ਮੁਹਾਂਦਰਾ ਸਵਾਰਨ ਵਿਚ ਬਹੁਤ ਕੁਝ ਹਿੱਸਾ ਪਾਇਆ ਹੈ। ਕਵੀ ਕਲ੍ਹਣ ਦੀ 'ਰਾਜ ਤਰੰਗਿਣੀ' ਦੇ ਕਥਨ ਅਨੁਸਾਰ ਪੰਜਾਬ ਦੇ ਲਾਹੌਰ, ਕਸੂਰ ਆਦਿ ਇਲਾਕਿਆਂ ਉਤੇ ਕੁਝ ਚਿਰ ਕਸ਼ਮੀਰ ਦੇ ਹਿੰਦੂ ਰਾਜਿਆਂ ਦੀ ਹਕੂਮਤ ਰਹੀ ਸੀ। ਸ਼ਾਇਦ ਇਸੇ ਕਾਰਣ ਗੁਰਮੁਖੀ ਤੇ ਸ਼ਾਰਦਾ ਅੱਖਰਾਂ ਵਿਚ 'ਪ੍ਰਤਾਪ', ੧ ਓ ਆਦਿ ਦੀਆਂ ਸ਼ਕਲਾਂ ਵਿਚ ਏਨਾ ਭਿੰਨ-ਭੇਦ ਨਹੀਂ ਹੈ ਤੇ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਇਹ ਦੋਵੇਂ ਲਿਪੀਆਂ ਇਕੋ ਟਕਸਾਲ ਦੀ ਘਾੜਤ ਹੋਣ। ਸ਼ਾਰਦਾ ਤੋਂ ਬਿਨਾ ਟਾਂਕਰੀ, ਭਟੱਛਰੀ ਤੇ ਲੰਡੇ ਜਾਂ ਮਹਾਜਨੀ ਅੱਖਰ ਤਾਂ ਗੁਰਮੁਖੀ ਅੱਖਰਾਂ ਨਾਲ ਹੋਰ ਵੀ ਵਧੇਰੇ ਮੇਲ ਖਾਂਦੇ ਹਨ। ਇਹ ਲਿਪੀਆਂ ਚੂੰਕਿ ਪੱਛਮੀ ਪੰਜਾਬ ਦੀ ਪੁਰਾਣੀ ਲਿਪੀ ਖ਼ਰੋਸ਼ਟ੍ਰੀ ਦੀਆਂ ਜੰਮ-ਪਲ ਹਨ, ਇਸ ਲਈ ਇਨ੍ਹਾਂ ਵਿਚ ਲਗਾਂਮਾਤ੍ਰਾਂ ਦੀ ਵਰਤੋਂ ਦਾ ਸ਼ੁਰੂ ਤੋਂ ਹੀ ਕੋਈ ਖ਼ਾਸ ਰਿਵਾਜ ਨਹੀਂ ਸੀ। ਸੰਯੁਕਤ ਤੇ ਦੁੱਤ ਅੱਖਰ ਵੀ ਉੱਚਾਰਣ ਸਮੇਂ ਪਾਠਕ ਆਪੇ ਹੀ ਕਲਪ ਲੈਂਦੇ ਸਨ। ਗੁਰੂ ਸਾਹਿਬਾਂ ਦੇ ਹੁਕਮਨਾਮਿਆਂ ਵਿਚ ਕਈ ਥਾਵੇਂ ਇਸੇ ਕਾਰਣ ਕੁਝ ਉਹੋ ਝਾਵਲਾ ਪੈਂਦਾ ਹੈ ਤੇ ਲਗਾਂ ਮਾਤ੍ਰਾਂ ਦੀ ਵਰਤੋਂ ਵੀ ਕਿਤੇ ਕਿਤੇ ਘੱਟ ਹੀ ਹੋਈ ਹੈ ਜਿਵੇਂ ਕਿ ਸ਼੍ਰੀ ਗੁਰੂ ਹਰਿ ਗੋਬਿਦ ਜੀ ਦੇ ਹੁਕਮਨਾਮਿਆਂ ਤੋਂ ਪਤਾ ਲਗਦਾ ਹੈ। ਦਸ਼ਮ ਗ੍ਰੰਥ ਦੇ ਪਤ੍ਰਾ ਬਲਾਕ ਨੰ:੧੧੯ ਤੇ ੧੨੦ ਤੋਂ ਵੀ ਜ਼ਰਾ ਗਹੁ ਨਾਲ ਤਾਕਿਆਂ ਕਈ ਅਜਿਹੇ ਹੀ ਉਦਾਹਰਣ ਮਿਲਦੇ ਹਨ ਜੋ ਲਗਾਂਮਾਤ੍ਰਾਂ ਦੇ ਸ਼ਿਕਸਤਾਪਣ, ਸੰਯੁਕਤ ਤੇ ਦੁੱਤ ਅੱਖਰਾਂ ਦੇ ਲਿਖਣ-ਢੰਗ ਬਾਰੇ ਕੁਝ ਹੋਰਵੇਂ ਖ਼ਿਆਲ ਦੇ ਸਕਦੇ ਹਨ, ਪਰ ਜੇ ਅਸੀਂ ਉਨ੍ਹਾਂ ਨੂੰ ਇਕ ਨਵੀਂ ਅੱਖਰ-ਸ਼ੈਲੀ ਦੇ ਪ੍ਰਤੀਕ ਮੰਨ ਕੇ ਜ਼ਰਾ ਡੂੰਘਿਆਈ ਨਾਲ ਤੱਕੀਏ ਤਾਂ ਇਹ ਸ਼ੰਕਾ ਆਪਣੇ ਆਪ ਨਿਵ੍ਰਿਤ ਹੋ ਜਾਂਦੀ ਹੈ।

ਪਹਿਲੇ ਪਹਿਲੇ ਗੁਰਮੁਖੀ ਅੱਖਰ ਕਿਵੇਂ ਲਿਖੇ ਜਾਂਦੇ ਸਨ। ਕੰਨਾ, ਸਿਹਾਰੀ, ਬਿਹਾਰੀ, ਔਂਕੜ, ਦੁਲੈਂਕੜੇ ਆਦਿ ਲਗਾਂਮਾਤ੍ਰਾਂ ਉਨ੍ਹਾਂ ਨੂੰ ਕਿਵੇਂ ਲਗਦੀਆਂ ਸਨ ਤੇ ਅੰਕੜੇ ਕਿਵੇਂ ਲਿਖੇ ਜਾਂਦੇ ਸਨ। ਫੇਰ ਕੁਝ ਸਮੇਂ ਤੋਂ ਬਾਦ ਜ਼ਰਾ ਲਿਖਣ-ਢੰਗ ਬਦਲਨ ਜਾਂ



Digitized by Panjab Digital Library | www.panjabdigilib.org

ਨਵਾਂ ਸੁਧਾਰ ਹੋਣ ਤੇ ਲਗਾਂਮਾਤ੍ਰਾਂ ਸਮੇਤ ਉਹੋ ਅੱਖਰ ਤੇ ਅੰਕੜੇ ਕਿਨ੍ਹਾਂ ਸ਼ਕਲਾਂ ਵਿਚ ਵਟੀਜ ਕੇ ਹੋਰ ਦੇ ਹੋਰ ਹੋ ਗਏ। ਫੇਰ ਸ਼, ਖ਼, ਗ਼, ਜ਼ ਆਦਿ ਅੱਖਰ ਸੰਸਕ੍ਰਿਤ, ਹਿੰਦੀ ਤੇ ਉਰਦੂ, ਫ਼ਾਰਸੀ ਦੀ ਛੁਹ ਲੱਗਣ ਤੇ ਕਿਵੇਂ ਹੋਂਦ ਵਿਚ ਆਏ ਤੇ ਗੁਰਮੁਖੀ ਵਿਚ ਅਧਿਕ(ੱ) ਦਾ ਪ੍ਰਚਾਰ ਕਦੋਂ ਤੇ ਕਿਵੇਂ ਹੋਇਆ, ਆਦਿ ਗੱਲਾਂ ਸਾਨੂੰ ਇਸ ਲਿਪੀ ਦੇ ਕ੍ਰਮਿਕ ਵਿਕਾਸ ਦਾ ਪਤਾ ਦੇਂਦੀਆਂ ਹਨ, ਜਿਸ ਦਾ ਅਨੁਮਾਨ ਅਸੀਂ ਪੁਰਾਣੇ ਤੇ ਵਰਤਮਾਨ ਕਾਲ ਦੇ ਗੁਰਮੁਖੀ ਅੱਖਰਾਂ ਦਾ ਪਰਸਪਰ ਟਾਕਰਾ ਕਰ ਕੇ ਸਹਿਜੇ ਹੀ ਲਗਾ ਸਕਦੇ ਹਾਂ।

ਭਟੱਛਰੀ, ਲੰਡੇ ਜਾਂ ਮਹਾਜਨੀ ਅੱਖਰਾਂ ਵਿਚ ਜਿਸ ਤਰ੍ਹਾਂ ਲਗਾਮਾਤ੍ਰਾਂ ਨਹੀਂ ਹੁੰਦੀਆਂ ਤੇ ਉਨ੍ਹਾਂ ਦੀ ਥਾਵੇਂ ਅੱਖਰਾਂ ਤੋਂ ਹੀ ਕੰਮ ਲਿਆ ਜਾਂਦਾ ਹੈ ਤੇ ਸ਼ਿਕਸਤਾ ਉਰਦੂ-ਫ਼ਾਰਸੀ ਵਿਚ ਵੀ ਜ਼ਬਰਾਂ, ਜ਼ੇਰਾਂ, ਕਸ਼ਕਾਂ ਆਦਿ ਤਾਂ ਕਈ ਵੇਰ ਆਪਣੇ ਆਪ ਹੀ ਲਹਿ ਜਾਂਦੀਆਂ ਹਨ, ਠੀਕ ਉਸੇ ਤਰ੍ਹਾਂ ਜੇ ਕਿਸੇ ਪੁਰਾਣੀ ਗੁਰਮੁਖੀ ਹੱਥ ਲਿਖਤ ਵਿਚ ਵੀ ਇਹੋ ਤਰੀਕਾ ਅਪਣਾਇਆ ਗਿਆ ਹੋਵੇ, ਤਾਂ ਉਹ ਲਿਖਤ ਲਿਪੀ-ਵਿਕਾਸ ਦੇ ਨੁਕਤਾ ਨਿਗਾਹ ਤੋਂ ਕਿਸੇ ਤਰ੍ਹਾਂ ਗ਼ਲਤ ਕਰਾਰ ਨਹੀਂ ਦਿੱਤੀ ਜਾ ਸਕਦੀ।

## ਬੋਲੀ ਤੇ ਸਭਜਾਚਾਰਕ ਸਾਂਝ

ਲਿਪੀ ਤੋਂ ਅੱਗੇ ਲੰਘ ਕੇ ਦੂਜਾ ਪੱਖ ਹੈ ਬੋਲੀ ਦਾ। ਬੋਲੀ ਇਨ੍ਹਾਂ ਹੁਕਮਨਾਮਿਆਂ ਦੀ ਕੁਝ ਠੇਠ ਤੇ ਕੁਝ ਰਲੀ-ਮਿਲੀ ਪੰਜਾਬੀ ਹੈ, ਜੋ ਸਾਧਾਰਣ ਤੌਰ ਤੇ ਇਕ ਅੱਛੀ ਗਦਜ ਦਾ ਨਮੂਨਾ ਕਹੀ ਜਾ ਸਕਦੀ ਹੈ। ਦਰ ਅਸਲ ਗਦਜ ਵਿਚ ਉਸ ਸਮੇਂ ਕੋਈ ਵੀ ਸਾਹਿੱਤਕ ਜਾਂ ਇਤਿਹਾਸਿਕ ਰਚਨਾ ਲਿਖਣ ਦਾ ਏਨਾ ਰਿਵਾਜ ਨਹੀਂ ਸੀ। ਲੋਕਾਂ ਦੇ ਸਾਹਿੱਤਕ ਵਲਵਲੇ ਬਹੁਤੇ ਕਵਿਤਾ ਰਾਹੀਂ ਹੀ ਵਿਅਕਤ ਹੁੰਦੇ ਸਨ, ਪਰ ਜਿੱਥੇ ਕਵਿਤਾ ਕਲਪਨਾ ਦੀ ਜੰਮ-ਪਲ ਹੋਣ ਕਰਕੇ ਏਨਾ ਕੰਮ ਨਾ ਦੇ ਸਕੇ ਤੇ ਕਿਸੇ ਖ਼ਾਸ ਕੰਮ ਲਈ ਹੁਕਮ ਦੇਣੇ ਜ਼ਰੂਰੀ ਹੋਣ, ਉਥੇ ਸਾਰੇ ਹੀ ਆਗਿਆ-ਪਤ੍ਰ ਸਿੱਧੇ ਗਦਜ ਵਿਚ ਲਿਖ ਕੇ ਹੀ ਭੇਜੇ ਜਾਂਦੇ ਸਨ, ਜਿਨ੍ਹਾਂ ਦੀ ਪੂਰੀ ਪੂਰੀ ਝਲਕ ਇਨ੍ਹਾਂ ਹੁਕਮਨਾਮਿਆਂ ਵਿਚੋਂ ਮਿਲਦੀ ਹੈ।

ਸਿੱਖ ਉਸ ਸਮੇਂ, ਚਾਹੇ ਉਹ ਬਿਹਾਰ ਵਿਚ ਸਨ ਜਾਂ ਉੱਤਰ ਪ੍ਰਦੇਸ਼ ਵਿਚ, ਸਿੰਧ ਵਿਚ ਸਨ ਜਾਂ ਅਫ਼ਗਾਨਿਸਤਾਨ ਵਿਚ, ਪੂਰਬ ਵਿਚ ਸਨ ਜਾਂ ਪੱਛਮ ਤੇ ਦੱਖਣ ਵਿਚ, ਹਰ ਥਾਵੇਂ ਉਹ ਗੁਰੂ ਸਾਹਿਬ ਦੇ ਹੁਕਮ ਵਿਚ ਮਾਲਾ ਦੇ ਮੋਤੀਆਂ ਵਾਂਗ ਪਰੋਏ ਹੋਏ ਸਨ ਤੇ ਆਪਣੇ ਸਤਿਗੁਰਾਂ ਦੀ ਆਗਿਆ ਦਾ ਪਾਲਣ ਕਰਨਾ ਹੀ ਉਨ੍ਹਾਂ ਦਾ ਸਭ ਤੋਂ ਵੱਡਾ ਕਰਤੱਵ ਸੀ। ਗੁਰਸਿੱਖੀ ਦੇ ਪ੍ਰਚਾਰ ਲਈ ਉਨ੍ਹਾਂ ਦਾ ਦੂਰ-ਨੇੜੇ ਹਰ ਥਾਵੇਂ ਇਕੋ ਇਕ



Digitized by Panjab Digital Library | www.panjabdigilib.org

ਜ਼ਰੀਆ ਸੀ ਦਸਵੰਧ, ਗੋਲਕ, ਚਲੀਹਾ, ਸੁਖ, ਮੰਨਤ, ਅਰਦਾਸ ਆਦਿ ਰਾਹੀਂ ਆਪਣੀ ਕਮਾਈ ਵਿਚੋਂ ਜੋ ਕੁਝ ਸਰੇ ਉਹ ਸਿੱਧਾ ਗੁਰੂ ਕੇ ਖਜ਼ਾਨੇ ਵਿਚ ਦਾਖ਼ਲ ਕਰਨਾ। ਬੱਸ, ਇਹੋ ਗੁਰੂ-ਦਰਬਾਰ ਦੀ ਸਭ ਤੋਂ ਵੱਡੀ ਆਮਦਨੀ ਦਾ ਜ਼ਰੀਆ ਸੀ। ਗੁਰੂ ਸਾਹਿਬ ਨੇ, ਜਿਵੇਂ ਕਿ ਤੀਜੇ ਪਾਤਸ਼ਾਹ ਸ਼੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਰੀਤਿ ਚਲੀ ਆ ਰਹੀ ਸੀ, ਇਸ ਤਰ੍ਹਾਂ ਦੀ ਆਮਦਨ ਗੁਰੂ-ਦਰਬਾਰ ਵਿਚ ਪਹੁੰਚਾਉਣ ਲਈ ਪਹਿਲਾਂ ਥਾਉਂ ਥਾਈਂ ਇਲਾਕੇ ਵਾਰ ਮਸੰਦ ਅਥਵਾ ਗੱਦੀਦਾਰ ਪ੍ਰਚਾਰਕ ਨਿਯਤ ਕੀਤੇ ਤੇ ਫੇਰ ਸ਼੍ਰੀ ਦਸ਼ਮੇਸ਼ ਜੀ ਦੇ ਸਮੇਂ ਵਿਚ ਜਦੋਂ ਮਸੰਦਾਂ ਦੇ ਆਪ-ਹੁਦਰੇ ਪਣ ਦੇ ਕਾਰਣ ਇਹ ਤਰੀਕਾ ਮਜਬੂਰਨ ਬਦਲਨਾ ਪਿਆ ਤਾਂ ਗੁਰੂ ਜੀ ਦਾ ਹੁਕਮ ਹੋਣ ਤੇ ਮੇਵੜੇ ਅਥਵਾ ਦਰੋਗੇ ਹੀ ਇਹ ਫ਼ਰਜ਼ ਭੁਗਤਾਉਣ ਲੱਗੇ, ਜਿਨ੍ਹਾਂ ਬਾਰੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮਿਆਂ ਵਿਚ ਥਾਂ ਪਰ ਥਾਂ ਜ਼ਿਕਰ ਆਉਂਦਾ ਹੈ ਤੇ ਮਸੰਦਾਂ ਦੀਆਂ ਕਰਤੂਤਾਂ ਬਾਰੇ ਘ੍ਰਿਣਾ ਪਾਈ ਜਾਂਦੀ ਹੈ। ਸਿੱਖ-ਸੰਗਤਾਂ ਪਹਿਲੇ ਪਹਿਲ ਦੋ ਕਿਸਮ ਦੀਆਂ ਸਨ : (੧) ਖ਼ਾਲਸਾ ਸੰਗਤ, ਜੋ ਸਿੱਧੀ ਗੁਰੂ ਸਾਹਿਬ ਦੇ ਅਧੀਨ ਸੀ, ਤੇ (੨) ਸਹਿਲੰਗ ਸੰਗਤ, ਜਿਸ ਦੀ ਅਗਵਾਈ ਮਸੰਦ ਕਰਦੇ ਸਨ, ਪਰ ਜਦੋਂ ਸ਼੍ਰੀ ਗੁਰੂ ਦਸ਼ਮੇਸ਼ ਜੀ ਨੇ ਆਪਣੇ ਦਰਬਾਰ ਵਿਚੋਂ ਮਸੰਦ ਹਟਾ ਦਿੱਤੇ ਤੇ ਸਾਰੀ ਸੰਗਤਿ ਸਿੱਧੀ ਖ਼ਾਲਸਾ ਕਰ ਕੇ ਗੁਰੂ-ਦਰਬਾਰ ਦੇ ਅਧੀਨ ਕਰਾਰ ਦੇ ਦਿੱਤੀ ਤਾਂ ਮਸੰਦ ਰੂਪ ਵਿਰੋਧੀ ਧੜੇ ਦਾ ਇਕ ਪਾਸੇ ਹੋਣਾ ਇਕ ਕੁਦਰਤੀ ਗੱਲ ਸੀ। ਸ਼੍ਰੀ ਦਸ਼ਮੇਸ਼ ਦੇ ਹੁਕਮਨਾਮਿਆਂ ਵਿਚੋਂ ਗੁਰੂ-ਦਰਬਾਰ ਦੀ ਇਹ ਇਤਿਹਾਸਿਕ ਝਲਕ ਪੂਰੀ ਤਰ੍ਹਾਂ ਪਾਈ ਜਾਂਦੀ ਹੈ, ਜੋ ਸਿੱਖ-ਸੰਸਕ੍ਰਿਤੀ ਦੀਆਂ ਸਰਬ ਸਾਂਝੀਆਂ ਤੇ ਸਮੂਹਿਕ ਰੁਚੀਆਂ ਦੀ ਸੂਚਕ ਹੈ।

## ਸਮਾਜਿਕ ਪੱਖ

ਗੁਰੂ ਸਾਹਿਬ ਜਾਤਿ-ਪਾਤਿ ਦੇ ਵਿਰੋਧੀ, ਇਕ ਈਸ਼ੂਰ ਦੇ ਉਪਾਸਕ, ਦੇਵੀ-ਦੇਵਤਿਆਂ ਦੇ ਭ੍ਰਮ-ਜਾਲ ਤੋਂ ਰਹਿਤ, ਦੁਨੀਆਦਾਰੀ ਦੀਆਂ ਫ਼ਜ਼ੂਲ ਰੀਤਾਂ-ਰਸਮਾਂ ਤੋਂ ਆਜ਼ਾਦ ਅਤੇ ਜਨਤਾ ਨੂੰ ਸਮਾਨਤਾ ਦੀ ਪੱਧਰ ਤੇ ਲਿਆਉਣ ਲਈ ਅਸਲ ਅਰਥਾਂ ਵਿਚ ਸਾਮਵਾਦ ਦੇ ਪ੍ਰਚਾਰਕ ਸਨ, ਜਿਸ ਕਰਕੇ ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਕਲਿਜੁਗ ਦੀ ਹੋਂਦ ਦੇ ਬਾਵਜੂਦ ਵੀ ਸਿੱਖਾਂ ਵਿਚ ਸਤਿਜੁਗ ਵਰਤਦਾ ਰਿਹਾ ਸੀ। ਪਰ ਜਿਵੇਂ ਅੱਛਾਈ ਦੇ ਪਿੱਛੇ ਪਿੱਛੇ ਬੁਰਾਈ ਵੀ ਕਾਲੇ ਪਰਛਾਵਿਆਂ ਵਾਂਗ ਚਲਦੀ ਰਹਿੰਦੀ ਹੈ ਤਿਵੇਂ ਚੋਰੀਆਂ ਤੇ ਧਾੜਿਆਂ ਦੇ ਕੇਸ ਉਸ ਸਮੇਂ ਵੀ ਕਿਤੇ ਕਿਤੇ ਹੁੰਦੇ ਰਹਿੰਦੇ ਸਨ। ਹੁਕਮਨਾਮਾ ਨੰ:੨੨ ਵਿਚ ਦਰਿਆ ਬਿਆਸ ਦੇ ਨੇੜੇ ਸ਼੍ਰੀ ਗੁਰੂ ਤੇਗ਼ ਬਹਾਦੁਰ ਜੀ ਦੇ



Digitized by Panjab Digital Library | www.panjabdigilib.org

ਭਾਰ ਬਰਦਾਰੀ ਦੇ ਦੋ ਬੈਲ ਤੇ ਖੱਚਰ ਚੁਰਾਏ ਜਾਣ ਦਾ ਜ਼ਿਕਰ ਹੈ। ਗੁਰੂ-ਘਰ ਵਿਚ ਜਿਵੇਂ ਲੋਕੀ ਦਸਵੰਧ ਦਿੰਦੇ ਸਨ ਉਸੇ ਤਰ੍ਹਾਂ ਗੁਰੂ ਘਰ ਵਲੋਂ ਬਾਹਰਲੇ ਗ਼ਰੀਬਾਂ, ਅਨਾਥਾਂ ਤੇ ਲੋੜਵੰਦਾਂ ਦੀ ਸਹਾਇਤਾ ਲਈ ਵੀ ਬਹੁਤ ਕੁਝ ਮਾਲੀ ਸਹਾਇਤਾ ਦਿੱਤੀ ਜਾਂਦੀ ਸੀ, ਜਿਸ ਤਰ੍ਹਾਂ ਕਿ ਹੁਕਮਨਾਮਾ ਨੰ: ੧੦੩ ਵਿਚ ਮਾਤਾ ਸੁੰਦਰੀ ਜੀ ਵਲੋਂ ਪਟਨੇ ਦੀ ਵਸਨੀਕ ਬੇਬੇ 'ਨੂਪੀ ਬਾਈ ਦੀ ਲੜਕੀ ਦੇ ਵਿਆਹ ਵਾਸਤੇ ੨੫) ਪੰਝੀ ਰੁਪਏ ਦੇਣਾ ਲਿਖਿਆ ਹੈ।

## ਵਿਦਯਾ ਦਾ ਸ਼ੌਕ ਤੇ ਯੋਗਯਤਾ

ਮੁਗ਼ਲੇਈ ਰਾਜ ਸਮੇਂ ਜਦੋਂ ਕਿ ਸਾਰੇ ਦੇਸ ਵਿਚ ਫ਼ਾਰਸੀ, ਅਰਬੀ ਤੇ ਉਰਦੂ ਦਾ ਬੋਲ ਬਾਲਾ ਸੀ, ਗੁਰੂ ਸਾਹਿਬ ਤੇ ਉਨ੍ਹਾਂ ਦੇ ਸਿੱਖ ਪ੍ਰਚਲਿਤ ਸਿਖਯਾ ਦੇ ਨਾਲ ਹੀ ਆਪਣੀ ਧਾਰਮਿਕ ਵਿਦਯਾ ਤੇ ਜ਼ਬਾਨ ਵਿਚ ਵੀ ਵੱਧ ਤੋਂ ਵੱਧ ਦਿਲਚਸਪੀ ਰਖਦੇ ਸਨ। ਸਿੱਖ ਗੁਰੂਆਂ ਤੋਂ ਇਲਾਵਾ ਉਨ੍ਹਾਂ ਦੇ ਮਹੱਲਾਤ ਵਿਚ ਵਿਦਯਾ ਸੰਬੰਧੀ ਸ਼ੌਕ ਕਿਸੇ ਗੱਲੋਂ ਘੱਟ ਨਹੀਂ ਸੀ। ਸ਼੍ਰੀ ਦਸ਼ਮੇਸ਼ ਜੀ ਦੇ ਮਾਤਾ ਗੁਜ਼ਰੀ ਜੀ (ਹੁਕਮਨਾਮਾ ਨੰ:੪੯) ਅਤੇ ਮਹਲ ਮਾਤਾ ਸੁੰਦਰੀ ਤੇ ਸਾਹਿਬ ਦੇਵੀ ਜੀ, ਜਿਵੇਂ ਕਿ ਉਨ੍ਹਾਂ ਦੇ ਹੁਕਮਨਾਮੇ ਨੰ:੯੩—੧੦੩ ਤੇ ੧੦੪—੧੧੧ ਤੋਂ ਪਤਾ ਲਗਦਾ ਹੈ, ਗੁਰਮੁਖੀ ਅੱਖਰਾਂ ਵਿਚ ਪੰਜਾਬੀ ਲਿਖਣ-ਪੜ੍ਹਨ ਦੀ ਬੜੀ ਅੱਛੀ ਯੋਗਯਤਾ ਰਖਦੇ ਸਨ। ਮਾਤਾ ਸੁੰਦਰੀ ਜੀ ਦਾ ਪੇਕਾ ਘਰ ਲਾਹੌਰ ਸੀ, ਜਿਸ ਕਰਕੇ ਉਨ੍ਹਾਂ ਦੇ ਹੁਕਮਨਾਮਿਆਂ ਦੀ ਜ਼ਬਾਨ ਲਾਹੌਰੀ ਪੰਜਾਬੀ ਹੈ ਤੇ ਮਾਤਾ ਸਾਹਿਬ ਦੇਵੀ ਜੀ ਜਿਹਲਮ ਦੇ ਜੰਮ-ਪਲ ਹੋਣ ਕਰਕੇ ਉਨ੍ਹਾਂ ਦੇ ਲਿਖਣ-ਢੰਗ ਤੋਂ ਲਹਿੰਦੀ ਪੰਜਾਬੀ ਦੀ ਝਲਕ ਸਾਫ਼ ਤੇ ਸਪੱਸ਼ਟ ਹੈ।

## ਜਾਨਵਰਾਂ ਦੀ ਰਖਵਾਲੀ ਤੇ ਲੋੜ

ਸ਼੍ਰੀ ਗੁਰੂ ਹਰਿ ਗੋਬਿੰਦ ਜੀ ਛੇਵੇਂ ਪਾਤਸ਼ਾਹ ਮੀਰੀ ਪੀਰੀ ਦੇ ਮਾਲਿਕ ਸਨ, ਜਿਸ ਕਰ ਕੇ ਉਨ੍ਹਾਂ ਦੇ ਹੁਕਮਨਾਮਾ ਨੰ: ੬—੭ ਤੋਂ ਪਤਾ ਲਗਦਾ ਹੈ ਕਿ ਉਹਨਾਂ ਨੇ ਸ਼ਾਇਦ ਅਮ੍ਰਿਤਸਰ ਵਿਚ ਇਕ ਚਿੜੀਆ ਘਰ ਬਣਵਾਣ ਦਾ ਜਤਨ ਕੀਤਾ ਸੀ ਤੇ ਉਸੇ ਚਿੜੀਆ ਘਰ ਵਾਸਤੇ ਉਨ੍ਹਾਂ ਨੇ ਪਟਨੇ ਤੋਂ ਕੂੰਕੋ ਕਬੂਤਰ ਤੇ ਕੋਇਲ ਦੇ ਬੱਚੇ ਮੰਗਵਾਏ ਸਨ। ਇਸੇ ਤਰ੍ਹਾਂ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ ਹੁਕਮਨਾਮਾ ਨੰ: ੩੮ ਵਿਚ ਬਨਾਰਸ ਦੀ ਸੰਗਤ ਦੇ ਨਾਮ ਸ਼੍ਰੀ ਧਰ ਘੋੜੇ ਦਾ ਇਲਾਜ ਹੋਣ ਤੇ ਉਸ ਦੇ ਪਟਨੇ ਭੇਜੇ ਜਾਣ ਬਾਰੇ ਜ਼ਿਕਰ



Digitized by Panjab Digital Library | www.panjabdigilib.org

ਹੈ। ਇਹ ਘੋੜਾ ਗੁਰੂ ਸਾਹਿਬ ਨੂੰ ਨਵਾਬ ਸੈਫ਼ ਖ਼ਾਨ ਸੈਫ਼ਾਬਾਦੀ ਵਲੋਂ ਭੇਟਾ ਕੀਤਾ ਗਿਆ ਸੀ। ਇਸ ਤੋਂ ਅੱਗੇ ਪਰਵਾਨਾ ਨੰ: ੬੫ ਵਿਚ ਜਗਨੇ ਮਸੰਦ ਦੇ ਨਾਮ ਗਊਆਂ, ਬੈਲਾਂ, ਮੱਝਾਂ ਤੇ ਘੋੜੇ-ਘੋੜੀਆਂ ਦੀ ਚਰਵਾਈ ਆਦਿ ਦਾ ਜ਼ਿਕਰ ਹੈ। ਫੇਰ ਹੁਕਮਨਾਮਾ ਨੰ: ੬੧ ਰਾਹੀਂ, ਜੋ ਬੈਰਾੜਾਂ ਦੀ ਸੰਗਤਿ ਭਾਈ ਰੂਪੇ ਦੇ ਨਾਮ ਹੈ, ਗੁਰੂ ਜੀ ਦੇ ੪ ਬੈਲ ਮੁਗਵਾਉਣ ਦਾ ਉੱਲੇਖ ਕੀਤਾ ਹੈ।

## ਇਤਿਹਾਸਿਕ ਪੱਖ

ਸ਼੍ਰੀ ਗੁਰੂ ਤੇਗ ਬਹਾਦੁਰ ਜੀ ਪਹਿਲਾਂ ਮਦ੍ ਦੇਸ਼ (ਮਾਝੇ) ਤੇ ਫੇਰ ਬਿਆਸ ਤੇ ਸਤਲੁਜੋਂ ਉਰਾਰ-ਪਾਰ ਦੇ ਇਲਾਕਿਆਂ ਵਿਚ ਕਿਵੇਂ ਤੇ ਕਿੱਥੇ ਕਿੱਥੇ ਰਹੇ, ਤੇ ਉਹ ਪੰਜਾਬ ਦੀ ਸ਼ਰੱਧਾਲੂ ਜਨਤਾ ਨਾਲ ਕੀ ਕੁਝ ਸੰਬੰਧ ਰਖਦੇ ਸਨ। ਫੇਰ ਉਹ ਇਸਤੋਂ ਪਿੱਛੋਂ ਦਿੱਲੀ ਥੀਂ ਹੁੰਦੇ ਹੋਏ ਉੱਤਰ ਪ੍ਰਦੇਸ਼, ਬਿਹਾਰ ਤੇ ਬੰਗਾਲ ਵਿਚ ਰਾਜਾ ਰਾਮ ਸਿੰਘ ਦੇ ਨਾਲ ਜਾਂ ਅਲੱਗ ਕਿਵੇਂ ਤੇ ਕਿੱਥੇ ਕਿੱਥੇ ਗਏ ਤੇ ਉਥੋਂ ਵਾਪਸ ਕਿਵੇਂ ਤੇ ਕਿੱਥੋਂ ਦੀ ਹੁੰਦੇ ਹੋਏ ਆਏ, ਆਦਿ ਗੱਲਾਂ ਬਾਰੇ ਇਤਿਹਾਸਿਕ ਪੱਖ ਤੋਂ ਉਨ੍ਹਾਂ ਦੇ ਹੁਕਮਨਾਮੇ ਨੰ:੨੦ (ਏ) ਤੋਂ ੪੮ ਤਕ ਦੇਖਣ ਤੇ ਵਿਚਾਰਨ ਜੋਗ ਹਨ। ਇਸੇ ਤਰ੍ਹਾਂ ਦਸਮ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ ਨੰ: ੬੪ ਤੋਂ ੬੪ ਤਕ, ਜਿਨ੍ਹਾਂ ਵਿਚੋਂ ਬਹੁਤਿਆਂ ਦੇ ਅੰਤ ਵਿਚ ਸਮੇਂ-ਕ੍ਰਮ ਦੇ ਅਨੁਸਾਰ ਬਾਕਾਇਦਾ ਸੰਨ-ਸੰਮਤ ੧੭੪੮—੬੫ ਵੀ ਦਿੱਤੇ ਹੋਏ ਹਨ, ਇਤਿਹਾਸਿਕ ਨੁਕਤਾ ਨਿਗਾਹ ਤੋਂ ਬੜੀ ਭਾਰੀ ਅਹਿਮੀਅਤ ਰਖਦੇ ਹਨ। ਸ਼੍ਰੀ ਦਸ਼ਮੇਸ਼ ਜੀ ਤੋਂ ਬਾਦ ਉਨ੍ਹਾਂ ਦੇ ਮਹਲ ਮਾਤਾ ਸੁੰਦਰੀ ਜੀ ਦੇ ਹੁਕਮਨਾਮੇ ਸੰਨ ੧੭੭੫ ਤੋਂ ੧੭੮੭ ਤਕ ਅਤੇ ਮਾਤਾ ਸਾਹਿਬ ਦੇਵੀ ਜੀ ਦੇ ਹੁਕਮਨਾਮੇ ਸੰਮਤ ੧੭੮੩ ਤੋਂ ੧੭੬੧ ਤਕ ਨਾ-ਕੇਵਲ ਉਸ ਸਮੇਂ ਦਾ ਇਤਿਹਾਸਿਕ ਪੱਖ ਹੀ ਸਾਡੇ ਸਾਹਮਣੇ ਰਖਦੇ ਹਨ, ਸਗੋਂ ਇਨ੍ਹਾਂ ਤੋਂ ਉਸ ਸਮੇਂ ਦੇ ਸਿੱਖਾਂ ਦੀ ਗੁਰੂ-ਘਰ ਨਾਲ ਅਗਾਧ ਸ਼ਰੱਧਾ ਦਾ ਵੀ ਪਤਾ ਲਗਦਾ ਹੈ। ਸਿੱਖ ਆਗੂਆਂ ਵਿਚੋਂ ਬਾਬਾ ਬੰਦਾ ਬਹਾਦੁਰ ਤੇ ਬਾਬਾ ਸਾਹਿਬ ਸਿੰਘ ਜੀ ਬੇਦੀ ਅਤੇ ਗੁਰੂ ਖਾਲਸੇ ਦੇ ਤਖ਼ਤ ਸਾਹਿਬਾਨ ਵਿਚੋਂ ਸ਼੍ਰੀ ਅਕਾਲ ਤਖ਼ਤ ਅਮ੍ਰਿਤਸਰ (੧੮੧੬ ਬਿ:), ਤਖ਼ਤ ਪਟਨਾ ਸਾਹਿਬ ਬਿਹਾਰ (ਸੰਮਤ ੧੯੧੮), ਤਖ਼ਤ ਕੇਸ਼ਗੜ੍ਹ (ਆਨੰਦ ਪੁਰ) ਅਤੇ ਤਖ਼ਤ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੇ ਹੁਕਮਨਾਮੇ ਵੀ ਇਤਿਹਾਸਿਕ ਪੱਖ ਤੋਂ ਦੇਖਣ ਜੋਗ ਹਨ।



Digitized by Panjab Digital Library | www.panjabdigilib.org

## ਸ਼ਸਤ੍ਰ-ਅਸਤ੍ਰ ਤੇ ਸੈਨਿਕ ਸੰਗਠਨ

ਯੁਗ ਪ੍ਰਵਰਤਕ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਨੇ ਖ਼ਾਲਸਾ ਪੰਥ ਸਾਜ ਕੇ ਸਿੱਖਾਂ ਵਿਚ ਸੂਰਬੀਰਤਾ ਤੇ ਦੇਸ਼-ਭਗਤੀ ਦਾ ਅਥਾਹ ਜੋਸ਼ ਭਰਿਆ, ਸ਼ਸਤ੍ਰ-ਅਸਤ੍ਰਾਂ ਬਾਰੇ ਕਿਤਨਾ ਦਿਲੀ ਸਨੇਹ ਤੇ ਕੌਮ ਦੇ ਸੈਨਿਕ ਸੰਗਠਨ ਬਾਰੇ ਕਿਤਨੀ ਬੜੀ ਅਗਾਧ ਭਾਵਨਾ ਰਖਦੇ ਸਨ, ਇਸ ਗੱਲ ਦਾ ਪਤਾ ਉਨ੍ਹਾਂ ਦੇ ਹੁਕਮਨਾਮਾ ਨੰ: ੭੦, ੭੧, ੭੨, ੭੬, ੮੬ ਤੇ ੬੩ ਤੋਂ ਚੰਗੀ ਤਰ੍ਹਾਂ ਲਗਦਾ ਹੈ,ਜਿਨ੍ਹਾਂ ਵਿਚ ਉਨ੍ਹਾਂ ਨੇ ਯਥਾਕ੍ਰਮ ਸਿੱਖ ਸੰਗਤ ਮਛੀਆਣਾ, ਭਾਈ ਰੂਪਾ (ਬਠਿੰਡਾ), ਭਾਈ ਰਾਮਾ ਤਿਲੋਕਾ (ਫੂਲ ਕੇ), ਪਿੰਡ ਖਾਰਾ ਮਾਂਗਟ (ਗੁਜਰਾਤ), ਸੰਗਤ ਚੋਲਾ (ਅਮ੍ਰਿਤਸਰ) ਤੇ ਭਾਈ ਧਨ ਰਾਜ ਮਹਿਤਾ (ਸਿੰਧੀ) ਦੇ ਨਾਮ ਸਿੱਖਾਂ ਨੂੰ ਹਰ ਪ੍ਰਕਾਰ ਦੇ ਸ਼ਸਤ੍ਰ-ਅਸਤ੍ਰਾਂ ਨਾਲ ਸਨੱਧਬੱਧ ਹੋ ਕੇ ਸ਼੍ਰੀ ਆਨੰਦ ਪੁਰ ਹਾਜ਼ਰ ਹੋਣ ਦਾ ਆਦੇਸ਼ ਦਿੱਤਾ ਹੈ। ਇਨ੍ਹਾਂ ਸ਼ਸਤ੍ਰ-ਅਸਤ੍ਰਾਂ ਦੇ ਨਾਲ ਹੀ ਕਈ ਹੁਕਮਨਾਮਿਆਂ ਵਿਚ ਸਿੱਖਾਂ ਨੂੰ ਥੋੜ੍ਹਾ-ਬਹੁਤਾ ਸੋਨਾ ਇਕਤ੍ਰ ਕਰਕੇ ਭੇਜਣ ਦੀ ਹਦਾਇਤ ਵੀ ਕੀਤੀ ਹੋਈ ਹੈ। ਇਹ ਸੋਨਾ ਦੀਨ ਦਯਾਲ ਸਤਿਗੁਰੂ ਦਸ਼ਮੇਸ਼ ਦੇ ਸ਼ਸਤ੍ਰਾਗਾਰ (ਅਸਲਹ ਖ਼ਾਨੇ) ਵਿਚ ਖ਼ਾਸ ਤੌਰ ਤੇ ਤਲਵਾਰਾਂ ਦੇ ਮੁੱਠਿਆਂ ਤੋਂ ਇਲਾਵਾ ਤੀਰਾਂ ਦੀਆਂ ਮੁਖੀਆਂ ਦੇ ਨਾਲ ਵੀ ਲਗਾਇਆ ਜਾਂਦਾ ਸੀ ਤਾਕਿ ਜੇ ਕੋਈ ਜ਼ਖ਼ਮੀ ਮੈਦਾਨਿ-ਜੰਗ ਵਿਚ ਕਿਸੇ ਤਰ੍ਹਾਂ ਮਰਨੋਂ ਬਚ ਜਾਵੇ ਤਾਂ ਉਸ ਸੋਨੇ ਨਾਲ ਹੀ ਆਪਣਾ ਮਲ੍ਹਮ-ਪੱਟੀ ਆਦਿ ਦਾ ਖ਼ਰਚ ਚੰਗੀ ਤਰ੍ਹਾਂ ਬਰਦਾਸ਼ਤ ਕਰ ਸਕੇ।

## ਸ਼੍ਰੀ ਦਸਮੇਸ਼ ਦਾ ਦਫ਼ਤਰ ਤੇ ਹੁਕਮਨਾਮੇ

ਸ਼੍ਰੀ ਗੁਰੂ ਦਸਮੇਸ਼ ਨੇ ਸ਼ਸਤ੍ਰ-ਅਸਤ੍ਰਾਂ ਦੀ ਸਿਖਜਾ ਦੇ ਨਾਲ ਹੀ ਸ਼ਾਸਤ੍ਰਾਂ ਦੇ ਅਧਿਐਨ ਦਾ ਵੀ ਸਿੱਖਾਂ ਵਿਚ ਹੱਦੋਂ ਪਰੇ ਪ੍ਰਚਾਰ ਕੀਤਾ ਸੀ। ਉਨ੍ਹਾਂ ਨੇ ਸਿੱਖਾਂ ਵਿਚ ਵਿਦਜਾ ਦਾ ਪ੍ਰਚਾਰ ਕਰਨ ਵਾਸਤੇ ਸ਼੍ਰੀ ਆਨੰਦਪੁਰ ਵਿਚ ਇਕ ਆਲਾ ਪੈਮਾਨੇ ਤੇ ਵਿਦਜਾ ਦੀ ਟਕਸਾਲ ਕਾਇਮ ਕੀਤੀ ਤੇ ਕੁਝ ਨਿਰਮਲੇ ਸਿੱਖਾਂ ਨੂੰ ਉਚੇਰੀ ਵਿਦਜਾ ਪ੍ਰਾਪਤ ਕਰਨ ਵਾਸਤੇ ਬਨਾਰਸ ਭੇਜਿਆ ਸੀ। ਇਸ ਦੇ ਨਾਲ ਹੀ ਵੇਦ, ਵੇਦਾਂਗ, ਉਪਨਿਸ਼ਦਾਂ, ਖਟ ਸ਼ਾਸਤ੍ਰ, ਸਤਾਈ ਸਿਮ੍ਰਤੀਆਂ, ਅਠਾਰਾਂ ਪੁਰਾਣ, ਕਾਵਜ, ਸਾਹਿਤਜ, ਇਤਿਹਾਸ ਆਦਿ ਦੀਆਂ ਪੁਸਤਕਾਂ ਦੇ ਅਨੁਵਾਦ ਤੇ ਹੋਰ ਉੱਚ ਪਾਏ ਦੀਆਂ ਮੌਲਿਕ ਕਾਵਜ-ਰਚਨਾਵਾਂ ਤਿਆਰ ਕਰਨ ਵਾਸਤੇ ਦੂਰੋਂ-ਨੇੜਿਓਂ ਅਨੇਕ ਬੋਲੀਆਂ ਦੇ ਮਾਹਿਰ ੫੨ ਕਵੀ-ਵਿਦਵਾਨ ਬੁਲਾ ਕੇ ਆਪਣੇ ਦਰਬਾਰ ਵਿਚ ਨੌਕਰ ਰੱਖੇ ਸਨ। ਇਸ ਦੇ ਨਾਲ ਹੀ ਸਿੱਖ ਫ਼ੌਜਾਂ ਤੇ ਕਵੀ ਵਿਦਵਾਨਾਂ ਦੀਆਂ ਤਨਖ਼ਾਹਾਂ ਆਦਿ ਦੇ ਹਿਸਾਬ ਵਾਸਤੇ ਇਕ ਚੰਗਾ ਤੇ ਬਾਕਾਇਦਾ



Digitized by Panjab Digital Library | www.panjabdigilib.org

ਦਫ਼ਤਰ ਵੀ ਕਾਇਮ ਕੀਤਾ ਸੀ, ਜਿਸ ਵਿਚੋਂ ਗੁਰੂ ਸਾਹਿਬ ਦੇ ਹੁਕਮ ਨਾਲ ਜੋ ਵੀ ਆਰਡਰ ਜਾਂ ਹੁਕਮਨਾਮੇ ਜਾਰੀ ਕੀਤੇ ਜਾਂਦੇ ਸਨ, ਉਨ੍ਹਾਂ ਤੇ ਬਾਕਾਇਦਾ ਨੰਬਰ ਲਗਦੇ ਸਨ ਜਿਸ ਤਰ੍ਹਾਂ ਕਿ ਇਹਨਾਂ ਹੁਕਮਨਾਮਿਆਂ ਵਿਚ ਵੀ ਕਈ ਥਾਵੇਂ ਨੰਬਰ ਲੱਗੇ ਹੋਏ ਮਿਲਦੇ ਹਨ।

## ਗੁਰਮੁਖੀ ਦੀ ਚਪਰੇਲਾ ਲਿਖਤ

ਦਫ਼ਤਰੀ ਕੰਮਾਂ ਦੀ ਸਹੂਲੀਅਤ ਨੂੰ ਮੁੱਖ ਰੱਖ ਕੇ ਤੇ ਲੋੜੀਦੀਆਂ ਸਾਹਿੱਤਕ ਲਿਖਤਾਂ ਦੀਆਂ ਦੂਹਰੀਆਂ ਤੀਹਰੀਆਂ ਨਕਲਾਂ ਕਰਨ ਵਾਸਤੇ ਸ਼੍ਰੀ ਦਸਮੇਸ਼ ਜੀ ਦੇ ਦਰਬਾਰ ਵਿਚ ਗੁਰਮੁਖੀ ਦੀ ਇਕ ਅਜਿਹੀ ਸ਼ਿਕਸਤਾ ਲਿਖਤ ਵੀ ਪ੍ਰਚਲਿਤ ਹੋਈ, ਜੋ ਆਮ ਪਾਠਕਾਂ ਵਿਚ ਤੀਰ ਦੀ ਮੁਖੀ ਨਾਲ ਲਿਖੀ ਹੋਈ ਲਿਖਤ ਦੇ ਨਾਂ ਨਾਲ ਮਸ਼ਹੂਰ ਹੈ ਤੇ ਇਹ ਲਿਖਤ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੀ ਸ਼ਿਕਸਤਾ ਲਿਖਤ ਦਾ ਹੀ ਇਕ ਵਿਕਸਿਤ ਰੂਪ ਕਹੀ ਜਾ ਸਕਦੀ ਹੈ। ਇਸ ਸ਼ਿਕਸਤਾ ਲਿਖਤ ਨੂੰ ਅਸੀਂ ਕੀਲਾਖਰ ਜਾਂ ਚਪਰੇਲਾ ਲਿਖਤ ਆਖ ਸਕਦੇ ਹਾਂ।

ਸ਼੍ਰੀ ਗੁਰੂ ਦਸਮੇਸ਼ ਜੀ ਆਪ ਤੇ ਉਹਨਾਂ ਦੇ ਲਿਖਾਰੀ ਵਿਸ਼ੇਸ਼ ਕਰਕੇ ਇਸੇ ਚਪਰੇਲਾ ਲਿਖਤ ਨੂੰ ਹਸਤਾਖਰ (ਦਸਤਖ਼ਤ) ਆਦਿ ਲਈ ਵਰਤਦੇ ਸਨ। ਪਟਿਆਲੇ ਤੇ ਦਿੱਲੀ ਆਦਿ ਥਾਵੀਂ ਦਸ਼ਮ ਗ੍ਰੰਥ ਦੀ ਇਸ ਸ਼ਿਕਸਤਾ ਲਿਖਤ ਦੇ ਪਤ੍ਰੇ, ਜਿਨ੍ਹਾਂ ਦੇ ਦੋ ਚਿਤ੍ਰ ਇਸ ਪੁਸਤਕ ਦੇ ਅੰਤ ਵਿਚ ਦਿੱਤੇ ਗਏ ਹਨ ਤੇ ਗੁਰਦਵਾਰਾ ਸਿਰੋਪਾ ਸਾਹਿਬ ਨਾਭਾ ਵਿਚ ਸਥਿਤ ਤ੍ਰਿਯਾ ਚਰਿਤ੍ਰਾਂ (ਚਰਿਤ੍ਰੋਪਾਖਯਾਨ) ਦੀ ਪੋਥੀ ਤੋਂ ਇਸ ਕਥਨ ਦੀ ਪੁਸ਼ਟੀ ਹੁੰਦੀ ਹੈ। ਇਹ ਸ਼ਿਕਸਤਾ ਲਿਖਤ ਸਿੱਖ ਲਿਖਾਰੀਆਂ ਵਿਚ ਸਿਖ-ਰਾਜ ਦੇ ਸਮੇਂ ਤਕ ਪ੍ਰਚਲਿਤ ਰਹੀ, ਜਿਸ ਦਾ ਇਕ ਨਮੂਨਾ ਬਾਬਾ ਗਣੇਸ਼ਾ ਸਿੰਘ ਬੇਦੀ ਕ੍ਰਿਤ ਸ਼੍ਰੀ ਗੁਰੂ ਨਾਨਕ ਚੰਦ੍ਰੋਦਯ ਨਾਮ ਦੀ ਹੱਥ ਲਿਖਿਤ ਪੁਸਤਕ ਵਿਚੋਂ, ਜੋ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਦੇ ਪੁਸਤਕਾਲਯ ਵਿਚ ਸੁਰੱਖਿਅਤ ਹੈ, ਮਿਲਦਾ ਹੈ। ਅਜ ਕਲ ਇਹ ਸ਼ਿਕਸਤਾ ਲਿਖਤ ਏਨੀ ਓਪਰੀ ਹੋ ਗਈ ਹੈ ਕਿ ਇਸ ਨੂੰ ਕੋਈ ਵਿਰਲੇ ਸੱਜਨ ਹੀ ਜਤਨ ਕਰਕੇ ਪੜ੍ਹ ਸਕਦੇ ਹਨ। ਸ਼੍ਰੀ ਦਸ਼ਮੇਸ਼ ਜੀ ਦੇ ਹੁਕਮਨਾਮਿਆਂ ਵਿਚ ਇਸ ਚਪਰੇਲਾ ਲਿਖਤ ਦੇ ਪ੍ਰਮਾਣ ਨੀਸਾਣਾਂ ਦੇ ਰੂਪ ਵਿਚ ਹਰ ਥਾਵੇਂ ਮਿਲਦੇ ਹਨ।

## ਅੰਤਿਮ ਨਿਵੇਦਨ

ਇਹ ਹੈ ਗੁਰੂ ਖ਼ਾਲਸੇ ਦੇ ਇਨ੍ਹਾਂ ਨੀਸਾਣਾਂ ਤੇ ਹੁਕਮਨਾਮਿਆਂ ਬਾਰੇ ਸੰਖੇਪ ਜਿਹੀ ਪ੍ਰਸਤਾਵਨਾ। ਇਸ ਤੋਂ ਅੱਗੇ ਅਸਲ ਮੁਤਾਬਿਕ ਨਕਲ ਕਰਕੇ ਉਨ੍ਹਾਂ ਨੀਸਾਣਾਂ ਤੇ



Digitized by Panjab Digital Library | www.panjabdigilib.org

ਹੁਕਮਨਾਮਿਆਂ ਦੇ ਯਥਾਕ੍ਰਮ ਮੂਲ-ਪਾਠ ਤੇ ਚਿਤ੍ਰ ਦਿੱਤੇ ਗਏ ਹਨ ਤਾਕਿ ਪਾਠਕ ਅਸਲ ਹੱਥ-ਲਿਖਤਾਂ ਨੂੰ ਕ੍ਰਮਵਾਰ ਉਨ੍ਹਾਂ ਦੇ ਮੂਲ ਪਾਠਾਂ ਨਾਲ ਮਿਲਾ ਕੇ ਚੰਗੀਤਰ੍ਹਾਂ ਵਿਚਾਰ ਸਕਣ, ਤੇ ਗੁਰਮੁਖੀ ਲਿਪੀ-ਵਿਕਾਸ ਦੇ ਮੁਤਾਬਿਕ ਸਮੇਂ ਸਮੇਂ ਸਿਰ ਜੋ ਜੋ ਸ਼ਕਲਾਂ ਬਦਲ ਕੇ ਜਿਵੇਂ ਜਿਵੇਂ ਉੱਨਤੀ ਦੀਆਂ ਮੰਜ਼ਲਾਂ ਨਾਪਣ ਲਈ ਅੱਗੇ ਵਧਦੀ ਰਹੀ, ਕਿਸੇ ਹੱਦ ਤਕ ਉਸ ਦਾ ਸਹੀ ਅਨੁਮਾਨ ਲਗਾ ਸਕਣ ਤੇ ਇਸ ਦੇ ਨਾਲ ਹੀ ਇਹ ਵੀ ਦੇਖ ਸਕਣ ਕਿ ਸਿੱਖ-ਇਤਿਹਾਸ ਦੀਆਂ ਉਹ ਨੁੱਕਰਾਂ, ਜਿੱਥੇ ਅਜੇ ਤਕ ਰੌਸ਼ਨੀ ਦੀਆਂ ਕਿਰਨਾਂ ਨਹੀਂ ਅੱਪੜੀਆਂ, ਇਨ੍ਹਾਂ ਹੁਕਮਨਾਮਿਆਂ ਦੀ ਲੋ ਲਗਣ ਤੇ ਕਿਵੇਂ ਤੇ ਕਿਸ ਹੱਦ ਤਕ ਪ੍ਰਕਾਸ਼ ਵਿਚ ਆਉਂਦੀਆਂ ਹਨ ।



Digitized by Panjab Digital Library | www.panjabdigilib.org

# ਨੀਸਾਣ ਤੇ ਹੁਕਮਨਾਮੇ

## ਪੰਚਮ ਪਾਤਸ਼ਾਹ
## ਸ਼੍ਰੀ ਗੁਰੂ ਅਰਜਨ ਦੇਵ ਜੀ ਦੇ
## ਨੀਸਾਣ

੧

੧ ਓ
ਸਤਿਨਾਮੁ ਕਰਤਾ ਪੁਰਖ
ਨਿਰਭਉ ਨਿਰਵੈਰ ਅਕਾਲ
ਮੂਰਤਿ ਅਜੂਨੀ ਸੈਭੰ
ਗੁਰ ਪਰਸਾਦਿ ॥

(ਕਰਤਾਰ ਪੁਰੀ ਬੀੜ ਵਿੱਚੋਂ)

੨

ਸਤਿਨਾਮੁ ਕਰਤਾ ਪੁਰਖ
ਨਿਰਭਉ ਨਿਰਵੈਰ ਅ-
ਕਾਲ ਮੂਰਤ ਅਜੋਨੀ
ਸੈਭੰ ਗੁਰ ਪਰਸਾਦਿ (॥)
ਸਲੋਕੁ ॥ ਰੇ ਮਨ ਤਾਕਉ ਧਿਆਇਐ
ਸਭ ਬਿਧਿ ਜਾ ਕੇ ਹਾਥਿ ॥ ਰਾਮੁ
ਨਾਮੁ ਧਨ ਸੰਚੀਏ ਨਾਨਕ ਨਿਬਹੇ ਸਾਥ ॥

(ਬੋਹਤ, ਗੁਜਰਾਤ ਵਾਲੀ ਬੀੜ ਵਿੱਚੋਂ)




Digitized by Panjab Digital Library | www.panjabdigilib.org

ਛੇਵੇਂ ਪਾਤਸ਼ਾਹ

# ਸ਼੍ਰੀ ਗੁਰੂ ਹਰਿਗੋਬਿੰਦ ਜੀ ਦੇ

## ਨੀਸਾਣ ਤੇ ਹੁਕਮਨਾਮੇ


### ੩



ਸਤਿਨਾਮੁ ਕਰਤਾ ਪੁਰਖੁ ਨਿਰ-
ਭਉ ਨਿਰਵੈਰੁ ਅਕਾਲ ਮੂ-
ਰਤਿ ਅਜੂਨੀ ਸੈਭੰ ਗੁਰ ਪ-
ਰਸਾਦਿ (॥)

(ਕੋਂਦ੍ਰੀ ਸਿੱਖ ਅਜਾਇਬ ਘਰ, ਅਮ੍ਰਿਤਸਰ ਦੀ ਪੁਰਾਤਨ ਬੀੜ ਵਿੱਚੋਂ)

### ੪



ਸਤਿਨਾਮੁ ਕਰਤਾ ਪੁਰ-
ਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ
ਸੈਭੰ ਗੁਰ ਪਰਸਾਦਿ (॥)


(ਧਰਮਸਾਲਾ ਭਾਈ ਪੈਂਦਾ ਸਾਹਿਬ
ਰਾਵਲਪਿੰਡੀ ਦੀ ਇਕ ਪੁਰਾਤਨ ਬੀੜ ਵਿੱਚੋਂ)



Digitized by Panjab Digital Library | www.panjabdigilib.org

# ਨੀਸਾਣ ਪਾਤਸ਼ਾਹੀ ੫

(ਸ਼੍ਰੀ ਗੁਰੂ ਅਰਜਨ ਦੇਵ ਜੀ)




ਸ਼੍ਰੀ ਆਦਿ ਗ੍ਰੰਥ ਜੀ ਦੀ ਕਰਤਾਰਪੁਰ (ਜਾਲੰਧਰ) ਵਾਲੀ ਬੀੜ ਵਿਚੋਂ।
(ਐਡੀਟਰ, ਖ਼ਾਲਸਾ ਸਮਾਚਾਰ, ਅਮ੍ਰਿਤਸਰ ਪਾਸੋਂ ਧੰਨਵਾਦ ਸਹਿਤ)

Digitized by Panjab Digital Library | www.panjabdigilib.org

ਨੀਸਾਣ ਪਾਤਸ਼ਾਹੀ ੫

(ਸ਼੍ਰੀ ਗੁਰੂ ਅਰਜਨ ਦੇਵ ਜੀ)




(ਸ਼੍ਰੀ ਜੀ. ਬੀ. ਸਿੰਘ ਤੋਂ ਧੰਨਵਾਦ ਸਹਿਤ)

ਸ਼੍ਰੀ ਆਦਿ ਗ੍ਰੰਥ ਜੀ ਦੀ ਬੋਹਤ (ਗੁਜਰਾਤ) ਵਾਲੀ ਬੀੜ ਵਿਚੋਂ ।

Digitized by Panjab Digital Library | www.panjabdigilib.org

# ਹੁਕਮਨਾਮਾ ਪਾਤਸ਼ਾਹੀ ੬

## (ਸ਼੍ਰੀ ਗੁਰੂ ਹਰਿਗੋਬਿੰਦ ਜੀ)



ਗੁਰੂਸਤਿ ੧ ਓ

ਭਾਈ ਜਾਪੂ ਭਾਈ ਗੁਰਦਾਸੁ ਭਾਰੀ ਲਾਲ ਭਾਈ ਸੰਗ-
ਤੀਏ ਭਾਈ ਅਨੰਤਾ ਭਾਈ ਸਾਮ ਦਾਸ ਭਾਈ ਨਥਾ ਭਾਈ ਬਨਵਾਲੀ
ਭਾਈ ਨਾਨਾ ਭਾਈ ਗਜੂ ਭਾਨੇ ਭਾਈ ਸੁਧੇ ਜੈਤਾ ਭਾਈ ਮਥਰੇ ਅਨੰ-
ਤੇ ਭਾਈ ਹਰਿਰਾਮ ਭਾਈ ਕੇਵਲ ਰਾਮ ਭਾਈ ਰਾਮਰਾਉ ਭਾਈ ਦਰਗਹ ਕੇਸੋ
ਭਾਈ ਮਨੋਹਰ ਭਾਈ ਪਖਰੀਏ ਭਾਈ ਜਗਜੀਵਨ ਭਾਈ ਰਾਮਰਾਇ
ਭਾਈ ਗੋਪੀ ਭਾਈ ਕਰਪਾਲੇ ਭਾਈ ਬਨਾਰਸੀਏ ਕਲਿਆਣੇ
ਭਾਈ ਗੰਗਾ ॥ ਜਗਜੀਵਨ ਭਾਈ ਬਾਲੇ ॥ ਸੰਕਰੇ ॥ ਜੈਰਾਮੁ ॥
ਹਰਿਦੇ ਰਾਮ । ਡੇਡੇ ॥ ਬਿਹਾਰੀ ॥ ਦਿਆਲੇ ॥ ਬਾਲੇ ॥ ਜਗਦੀਸੁ
ਮਹੰਮੇ ॥ ਚੇਤੂ ॥ ਕਲਿਆਣੇ ॥ ਉਤਮ ॥ ਦਿਆਲ ਚਢਾ ॥ ਉਤਮਚੰਦੁ
ਦੁਆਰੇ ॥ ਦੁਆਰਕਾ ਦਾਸੁ ॥ ਮੋਹਣੁ ਦਾਸੁ ॥ ਨਿਹਾਲ ॥ ਗੋਪੀ ॥ ਸੁੰਦਰੁ
ਸੰਗਤੀਏ ॥ ਜਾਪੂ ॥ ਸੁੰਦਰੁ ਗੁਰੁਦਾਸ ਬਾਸੂ ॥ ਕਿਸਨ ॥ ਧਰਮਾ
ਪਿਰਥੀ ਮਲ ਭਾਈ ਸੁੰਦਰ ਨੰਦ ਦਰਗਹ ਮਲ ॥ ਹਰਦਾਸੁ ॥ ਫਿਰੰਦੇ ॥ ਰਾਊ ॥ ↑
→
ਹਰਦਾਸ ॥ ਸਾਈਂ ਦਿਤਾ ॥ ਸਰਬਤ ਸੰਗਤਿ ਪਟਣੇ ਕੀ ਤਥਾ ਆਲ-
ਮ ਗੰਜ ਦੀ ॥ ਸੇਰਪੁਰ ਕੀ ॥ ਬਾਨੈ ॥ ਮੁੰਗੇਰ ਕੀ ਸੰਗਤਿ

ਪਰਮਾਨੰਦ ਦੇ ਵਾੜੇ ਪਾਸੇ ਲਿਖਤੇ ਗੁਰੂ ਹਰਿ ਗੁਵਿੰਦ

ਨੋਟ—ਇਹ 'ਹੁਕਮਨਾਮਾ' ਪਟਣੇ ਦੀ ਸੰਗਤਿ ਦੇ ਨਾਮ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਖ਼ੁਦ ਆਪਣੇ ਹੱਥੀਂ ਲਿਖਿਆ ਸੀ, ਜੋ ਹੁਣ ਤਖ਼ਤ ਸ਼੍ਰੀ ਹਰਿਮੰਦਿਰ ਸਾਹਿਬ (ਪਟਨਾ) ਦੇ ਤੋਸ਼ੇਖ਼ਾਨੇ ਵਿਚ ਸੁਰਖਜਤ ਹੈ। (ਸੰਪਾਦਕ)



Digitized by Panjab Digital Library | www.panjabdigilib.org

## ੬

# ਹੁਕਮਨਾਮਾ ਪਾਤਸ਼ਾਹੀ ੬

## (ਸ਼੍ਰੀ ਗੁਰੂ ਹਰਿਗੋਬਿੰਦ ਜੀ)

ਕਰਤਾਰ ਕਰਤਾਰ ਵਾਚਣੀ। ਗੁਰੂ ਤੁਸਾਡੀ ਲਜ ਰ-
-ਖੈਗਾ ਗੁਰੂ ਗੁਰੂ ਜਪਣਾ ਜਨਮ ਸਵਰੂ ਸੰਗ-
ਤ ਦੀ ਕਾਮਨਾ ਗੁਰੂ ਪੂਰੀ ਕਰੇਂਗੇ ਸੰਗਤੀ ਦਾ ਰੁ-
-ਜਗਾਰੁ ਹੋਗਾ ਇਕ ਦਾਸੀ ਰਹਣਾ[1] ਮਾਸ ਮਛੀ ਦੇ ਨੇੜੇ
ਨਹੀਂ ਆਵਣਾ ਸੰਗਤ ਦੀ ਚੀਰੀ ਪਹੁਤੀ ਹਕੀਕਤਿ ਸਭ
ਮਲੂਮ ਹੋਈ ਸੰਗਤ ਦੀ ਮਨਸਾ ਪੂਰੀ ਹੋਗ ਗੁਰੂ
ਦੀ ਆਗਿਆ ਹੋਈ ਸੰਗਤਿ ਸਰਬਤਿ ਇਕਮ[2] ਜੁ-
ਤਿ ਹਹੇ ਤਿਵੇ ਰਹਣਾ ਜਾਪੇ ਗੁਰੁਦਾਸ ਨਾਲ ਲਗ ਰਹ-
ਣਾ ਕਾਰਵਾਰ ਇਨਾ ਨੋ ਦੇਂਦਿਆਂ ਰਹਣਾ ਸੰਗਤਿ ਉਪ-
ਰਿ ਗੁਰੂ ਦੀ ਖਰੀ ਖੁਸੀ ਹਇ ਸੰਗਤੀ ਦਾ ਰੁਜਗਾਰੁ ਹੋ-
ਗਾ ਸੰਗਤਿ ਆਪ ਵਿਚਿ ਇਕਤੁ[3] ਕਰਣਾ ਸੰਗ-
ਤੀ ਦੀ ਖਰੀ ਖੁਸੀ ਗੁਰੂ ਦੀਨਾ ਦੇ ਹੋਂਦੇ ਹਇ ਸਭ ਮੇਰੇ
ਪੁਤ ਹੈਨਿ ਸਭਨਾ ਇਕਤੇ ਜੀਐ ਹੋਣਾ
ਅਗੇ ਕਾਰਵਾਰ ਲੇਦੀ ਹਥ ਲਿਖ ਭੇਜਾ ਹਇ ਓਹ
ਸਭਾ ਕਾਰ ਕਰਿ ਭੇਜਣੀ ॥ ਇਲਾਇਚੇ ਮਲ (ਮਣ) ਦਹ ...

---


[1]ਅਰਥਾਤ—ਇਕ ਦੂਜੇ ਦੇ ਦਾਸ ਬਣ ਕੇ ਨਿਮ੍ਰਤਾ ਨਾਲ ਰਹਿਣਾ।

[2]ਏਕਤਾ, ਇਤਫ਼ਾਕ। [3]ਸੋਝਾ, ਮਿਲਾਪ।



Digitized by Panjab Digital Library | www.panjabdigilib.org


# ਨੀਸਾਣ ਪਾਤਸ਼ਾਹੀ ੬
## (ਸ਼੍ਰੀ ਗੁਰੂ ਹਰਿ ਗੋਬਿੰਦ ਜੀ)



ਸ਼੍ਰੀ ਆਦਿ ਗ੍ਰੰਥ (ਹੱਥ ਲਿਖਿਤ), ਪਤ੍ਰਾ ੨੮੦,
ਕੇਂਦ੍ਰੀ ਸਿੱਖ ਅਜਾਇਬ ਘਰ, ਅੰਮ੍ਰਿਤਸਰ ।

Digitized by Panjab Digital Library | www.panjabdigilib.org

# ਨੀਸਾਣ ਪਾਤਸ਼ਾਹੀ ੬
## (ਸ਼੍ਰੀ ਗੁਰੂ ਹਰਿ ਗੋਬਿੰਦ ਜੀ)




ਪੈਂਦਾ ਸਾਹਿਬ ਵਾਲੀ ਸ਼੍ਰੀ ਆਦਿ ਗ੍ਰੰਥ ਜੀ ਦੀ ਬੀੜ ਵਿੱਚੋਂ

Digitized by Panjab Digital Library | www.panjabdigilib.org

# ਹੁਕਮਨਾਮਾ ਪਾਤਸ਼ਾਹੀ ੬

## (ਸ਼੍ਰੀ ਗੁਰੂ ਹਰਿ ਗੋਬਿੰਦ ਜੀ)




ਸ਼੍ਰੀ ਹਰਿਮੰਦਿਰ ਸਾਹਿਬ ਪਟਨਾ ਦੇ ਸੰਗ੍ਰਹ ਵਿੱਚੋਂ

Digitized by Panjab Digital Library | www.panjabdigilib.org

# ਹੁਕਮਨਾਮਾ ਪਾਤਸ਼ਾਹੀ ੬

(ਸ਼੍ਰੀ ਗੁਰੂ ਹਰਿ ਗੋਬਿੰਦ ਜੀ)



ਸ਼੍ਰੀ ਹਰਿਮੰਦਿਰ ਸਾਹਿਬ ਪਟਨਾ ਦੇ ਸੰਗ੍ਰਹ ਵਿਚੋਂ ।

Digitized by Panjab Digital Library | www.panjabdigilib.org

੭

# ਹੁਕਮਨਾਮਾ[1] ਪਾਤਸ਼ਾਹੀ ੬

## (ਸ਼੍ਰੀ ਗੁਰੂ ਹਰਿਗੋਬਿੰਦ ਜੀ)

ਦਸੇ ੧੦ ਮੇਥੇ ਭੇਜਣੇ ॥ ਇਕੇ ਬਾਸਲਾ[2] ਗਾ-
-ੜੇ[3] ਦਾ ਭਾਰਿ ਭੇਜਣੇ ਜਿਥਹੁ ਕਿਥਹੁ ਟੋਲ ਭੇਜਣੇ
ਇਕੇ ਜੋੜੀ ਕੋਇਲ ਦੇ ਬਚੇ ਪਾਲਣੇ ਵਡੇ ਹੋਨਿ ਬੋਲ-
ਣਿ ਲਗਨਿ ਤਾਂ ਪਿੰਜਰੇ ਵਿਚਿ ਪਾਇ ਕੇ ਭੇਜਣੇ ਇੱਕ
ਜੋੜੇ ਪਟਣੇ ਦੇ ਕੁਕੋ-ਕਬੂਤਰ ਭੇਜਣੇ ਬਹੁਤੁ
ਦਾਮ ਪਕੜਨਿ ਟੋਲ ਕੇ ਭਾਲਿ ਭੇਜਣੇ
ਭਾਈ ਦਿਆਲੇ ਗੁਰੁ ਤੇਰੀ ਰਖੇਗੇ ਤੇਰਾ ਪ੍ਰਗਟ (?) ਪਹੁਤਾ
ਗੁਰ ਥਾਇ ਪਾ(ਇ)ਆ ਬਾਈਹ ਰੁਪਜੇ ਭੇਟਾ ਪਹੁਤੀ ੨੨) ੧੫)
ਗੁਰੁ ਸਭ ਥਾਇਂ ਪਾਈ ਤੁਸਾਡਾ ਜੀਉ ਪਿੰਡ ਸਭ ਗੁ-
ਰੂ ਦਾ ਹਇ (॥)

ਨੋਟ—ਸ਼੍ਰੀ ਗੁਰੂ ਹਰਿ ਗੋਬਿੰਦ ਜੀ ਨੇ ਇਸ ਹੁਕਮਨਾਮੇ ਰਾਹੀਂ ਮੇਥੀ ਤੇ ਇਲਾਇਚੀਆਂ ਤਾਂ ਲੰਗਰ ਵਾਸਤੇ ਮੰਗਵਾਈਆਂ ਜਾਪਦੀਆਂ ਹਨ ਅਤੇ ਕੋਇਲ ਤੇ ਕਬੂਤਰ ਆਦਿ ਦਾ ਮੰਗਵਾਉਣਾ ਪੁਰਾਣੇ ਰਾਜੇ-ਮਹਾਰਾਜਿਆਂ ਵਾਂਗੂ ਉਹਨਾਂ ਵਲੋਂ ਚਿੜੀਆ-ਘਰ ਵਿਚ ਭਾਂਤਿ ਭਾਂਤਿ ਦੇ ਜਾਨਵਰ ਪਾਲਣ ਦੀ ਰੀਤਿ ਪ੍ਰਗਟ ਕਰਦਾ ਹੈ। (ਸੰਪਾਦਕ)

---

[1]ਇਸ ਹੁਕਮਨਾਮੇ ਦੀ ਗਿਣਤੀ ਭਾਵੇਂ ਅਲੱਗ ੭ ਨੰਬਰ ਦੇ ਕੇ ਕੀਤੀ ਗਈ ਹੈ, ਪਰ ਇਹ ਹੁਕਮਨਾਮਾ ਨੰ: ੬ ਦਾ ਹੀ ਅਗਲਾ ਭਾਗ ਹੈ ਜਿਵੇਂ ਕਿ ਇਸ ਦੀ ਮਿਲਦੀ-ਜੁਲਦੀ ਇਬਾਰਤ ਤੋਂ ਪਤਾ ਲਗਦਾ ਹੈ, ਜਿਸ ਕਰ ਕੇ ਇਸ ਨੂੰ ਇਕੋ ਹੁਕਮਨਾਮਾ ਸਮਝਣਾ ਜੋਗ ਹੈ। [2]ਵੱਡਾ ਥੈਲਾ। [3]ਹੱਥ ਦਾ ਕੱਤਿਆ ਤੇ ਖੱਡੀ ਦਾ ਉਣਿਆ ਹੋਇਆ ਕੱਪੜਾ, ਖੱਦਰ।



Digitized by Panjab Digital Library | www.panjabdigilib.org

# ੮

## ਹੁਕਮਨਾਮਾ ਪਾਤਸ਼ਾਹੀ ੬

### (ਸ਼੍ਰੀ ਗੁਰੂ ਹਰਿਗੋਬਿੰਦ ਜੀ)

ਗੁਰੂ ਤੁਸਾਡੀ ਰਖੇਗਾ
ਭਾਈ ਉਗਰ ਸੈਣ ਬਾਬੂ ਰਾਮ ਤੇ
ਬਾਈ ਬੇਨੀ ਭਾਈ ਲਾਲ ਚੰਦ ਸਰਬਤ ਸੰਗਤ
ਤੁਸੀ ਮੇਰੇ ਪੁਤ ਹਹਿ ਉਗਰ ਸੈਣ ਤੁਸਾਂ ਨੇ ਪ੍ਰਆਗ ਪ......
ਹੋਵੇਗਾ ਗੁਰੂ ਸੰਗਤ ਦੀ ਬਹੁੜੀ ਕਰੇਗਾ ਮੁਹ ਪਵੇਗਾ/
/ਭਾਈ ਬੇਨੀ ਜੋ ਦਮੜੀ ਹੋਵੇ ਸੋ
ਭੇਜਦੇ ਰਹਿਣਾ ... ... ...

੧ੴ ਗੁਰੂ ਸਤਿ
ਭਾਈ ਉਗਰ ਸੈਣ ਤੇ ਪ — ... ... ... ... ... ... ...

ਨੋਟ — ਇਹ ਹੁਕਮਨਾਮਾ, ਜੋ ਬੜੌਤ (ਉੱਤਰ ਪ੍ਰਦੇਸ਼) ਤੋਂ ਮਿਲਿਆ ਹੈ, ਸ਼੍ਰੀ ਗੁਰੂ ਹਰਿਗੋਬਿੰਦ ਜੀ ਦਾ ਦੱਸਿਆ ਜਾਂਦਾ ਹੈ, ਪਰ ਇਸ ਦੀ ਲਿਖਤ ਤੋਂ ਪਤਾ ਲਗਦਾ ਹੈ ਕਿ ਇਹ ਗੁਰੂ ਸਾਹਿਬ ਦਾ ਨਹੀਂ, ਸਗੋਂ ਗੁਰੂ-ਵੰਸ਼ ਦੇ ਕਿਸੇ ਅਜਿਹੇ ਵਿਅਕਤੀ ਦਾ ਹੈ ਜੋ ਖ਼ੁਦ ਗੁਰੂ ਅਖਵਾਣ ਵਿਚ ਫ਼ਖ਼ਰ ਸਮਝਦਾ ਸੀ।

(ਸੰਪਾਦਕ)



Digitized by Panjab Digital Library | www.panjabdigilib.org

# ਹੁਕਮਨਾਮਾ ਪਾਤਸ਼ਾਹੀ ੬


## (ਸ਼੍ਰੀ ਗੁਰੂ ਹਰਿ ਗੋਬਿੰਦ ਜੀ)



ਸ਼੍ਰੀ ਹਰਿਮੰਦਿਰ ਸਾਹਿਬ ਪਟਨਾ ਦੇ ਸੰਗ੍ਰਹ ਵਿੱਚੋਂ
Digitized by Panjab Digital Library | www.panjabdigilib.org

# ਹੁਕਮਨਾਮਾ ਪਾਤਸ਼ਾਹੀ ੬

## (ਸ਼੍ਰੀ ਗੁਰੂ ਹਰਿ ਗੋਬਿੰਦ ਜੀ)




ਭਾਈ ਉਗ੍ਰ ਸੈਣ ਲਾਲਚੰਦ, ਬੇਨੀ ਆਦਿ ਸਿੱਖ-ਸੰਗਤਿ ਦੇ ਨਾਮ

Digitized by Panjab Digital Library | www.panjabdigilib.org

# ਹੁਕਮਨਾਮਾ ਪਾਤਸਾਹੀ ੬

## (ਸ਼੍ਰੀ ਗੁਰੂ ਹਰਿਗੋਬਿੰਦ ਜੀ)



ਭਾਈ ਜਾਪੂ ਭਾਈ ਗੁਰਦਾਸੁ ਭਾਈ ਮੁਰਾਰਿ ਭਾਈ ਜਾਤੀ ਭਾਈ ਦਿਆਲਾ
ਗੁਰੂ ਗੁਰੂ ਜਪਣਾ ਜਨਮ ਸਵਰੂ ਸੰਗਤ ਦੀ ਕਾਮਨਾ ਪੂਰੀ ਹੋਗੁ
ਸੰਗਤੀ ਦਾ ਰੁਜਗਾਰੁ ਹੋਗ ਸੰਗਤੀ ਕੀ ਕਾਰ ਜੁ ਲੇਹਾਗਾ ਗੁਰੂ ਦੀ ਆ-
ਗਿਆ ਹਇ ਕੀਰਤਨ ਕਰਣਾ ਇਕ ਦਾਸੁ ਭਲੀ ਜੁਗਤਿ ਰਹਣਾ ਮਾਸ
ਮਛੀ ਦੇ ਨੇੜੇ ਨਾਹੀ ਆਵਣਾ ਪੂਰਬ ਦੀ ਸੰਗਤਿ ਗੁਰੂ ਦਾ ਖਾਲਸਾ
ਹਇ ਉਪਰੰਤਿ ਗੁਰੂ ਦੀ ਆਗਿਆ ਹਇ ਭਾਈ ਜਾਪੂ ਭਾਈ ਗੁਰਦਾਸ ਤੁਸਾਂ ਸ-
-ਭਨਾ ਰਲਕੇ ਸਾਰੇ ਪੂਰਬ ਦੀ ਕਾਰ ਕਰਣੀ ਜਿਸ ਦਾ ਰੁਪਯਾ ਗੁਰੂ ਦੀ ਕਾਰ ਵਿ-
ਚ ਪੌਗ ਤਿਸ ਦਾ ਗੁਰੂ ਦੀ ਦਰਗਹ ਬਾਇ ਪਵਗ਼ ਤਿਸ ਨੂੰ ਕਦੇ ਕਿਛ ਥੁੜੁ
ਨ ਹੈਸ ਓਏ ਹਵਾਲ ਸਵ ਕੀ ਹਇ ਰੁਪਯੇ ਸਇ ਸਤਿ ਦੀ ਹੁੰਡੀ ਕਰ ਭੇਜਣਾ
ਪੰਦਰਹ ਜੋੜੇ ਮੈਨੂ ਸਵਾਇ ਭੇਜਣਾ ਪੰਦਰਹ ਬਾਬਾ ਜੀਉ ਨੂ ਸਵਾਇ ਭੇਜਣਾ

---

ਗੁਰੂ ਗੁਰੂ ਜ-
ਪਣਾ ਜਨਮ ਸ-
ਵਰੂ

ਸਫ਼ਹਾ ੭

ਇਥੇ ਤੁਸਾਂ ਬਹੁਤ ਮਾਣ ਕਰਣਾ
ਢਿਲ ਨਹੀਂ ਕਰਣੀ ਆਖਨ ਸੁ
ਕਰਣਾ ਸੇਵਾ ਕਰਣੀ

ਸਫ਼ਹਾ ੭

---

ਨੋਟ—ਇਸ ਹੁਕਮਨਾਮੇ ਵਿੱਚੋਂ ਗੁਰੂ ਸਾਹਿਬ ਦੀ ਕਲਮ ਤੋਂ ਇਸ ਗੱਲ ਦਾ ਸੰਕੇਤ ਮਿਲਦਾ ਹੈ ਕਿ 'ਖ਼ਾਲਸਾ' ਸ਼ਬਦ ਉਸ ਸਮੇਂ ਉਸ ਸਿੱਖ-ਸੰਗਤਿ ਦਾ ਨਾਉਂ ਸੀ ਜਿਸ ਦਾ ਸਿੱਧਾ ਸੰਬੰਧ ਗੁਰ-ਗੱਦੀ ਨਾਲ ਹੋਵੇ। ਇਸ ਤੋਂ ਬਿਨਾਂ ਜੋ ਸਿੱਖ-ਸੰਗਤਿ ਮਸੰਦਾਂ ਦੇ ਅਧੀਨ ਸੀ ਉਹ ਸਹਿਲੰਗ ਅਖਵਾਉਂਦੀ ਸੀ। ਇਸੇ ਕਾਰਣ ਸ਼੍ਰੀ ਦਸ਼ਮੇਸ਼ ਦੇ ਸਮੇਂ ਭਾਈ ਗੁਰਦਾਸ (ਦੂਜੇ) ਨੇ ੪੦ਵੀਂ ਵਾਰ ਵਿਚ ਲਿਖਿਆ ਹੈ :

ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।
ਵਾਹ ਵਾਹ ਗੁਰੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ। (ਸੰਪਾਦਕ)



Digitized by Panjab Digital Library | www.panjabdigilib.org

ਹੁਕਮਨਾਮਾ

# ਸ਼੍ਰੀ ਬਾਬਾ ਗੁਰਦਿੱਤਾ ਜੀ ਦਾ

ਗੁਰੂ ਰਖੈਗਾ

ਸ੍ਰੀ ਕਲਗੀਧਰ ਪਾਤਸ਼ਾਹ ਜੀ

੧ ਓ ਸਤਿਗੁਰੂ

ਮਹਾਸ੍ਰੀ ਭਾਈ ਜਾਪੂ ਤਥਾ ਗੁਰਦਾਸੇ ਤ-
ਥਾ ਸਮੂਹ ਸੰਗਤੀ ਪਾਸੇ ਲਿਖਤੰ ਸ੍ਰੀ
ਗੁਰਦਿਤਾ ਜੀ ਕਰਤਾਰ ਕਰਤਾਰ ਵਾਚਣੀ
ਉਪਰੰਤਿ ਸ੍ਰੀ ਗੁਰੂ ਕਾ ਹੁਕਮ ਹੈਇ
ਗੁਰੂ ਕੈ ਨਾਵੈ ਵਿਚਿ ਰਹਣਾ[1] ਜਿਸ ਤੇ
ਜਨਮੁ ਸਵਰੈ ਗੁਰਦਿਤੇ ਮੁਜਰਾ ...


[1]ਅਰਥਾਤ—ਗੁਰੂ (ਵਾਹਗੁਰੂ) ਦਾ ਨਾਮ ਜਪਣਾ ।



Digitized by Panjab Digital Library | www.panjabdigilib.org

# ਹੁਕਮਨਾਮਾ ਪਾਤਸ਼ਾਹੀ ੬


## (ਸ਼੍ਰੀ ਗੁਰੂ ਹਰਿ ਗੋਬਿੰਦ ਜੀ)



ਸ਼੍ਰੀ ਹਰਿ ਮੰਦਿਰ ਸਾਹਿਬ ਪਟਨਾ ਦੇ ਸੰਗ੍ਰਹ ਵਿੱਚੋਂ

Digitized by Panjab Digital Library | www.panjabdigilib.org

# ਹੁਕਮਨਾਮਾ ਬਾਬਾ ਗੁਰਦਿੱਤਾ ਜੀ



ਸ਼੍ਰੀ ਹਰਿ ਮੰਦਿਰ ਸਾਹਿਬ ਪਟਨਾ ਦੇ ਸੰਗ੍ਰਹ ਵਿੱਚੋਂ

Digitized by Panjab Digital Library | www.panjabdigilib.org

# ਸੱਤਵੇਂ ਪਾਤਸ਼ਾਹ

# ਸ਼੍ਰੀ ਗੁਰੂ ਹਰਿਰਾਇ ਜੀ ਦੇ

## ਨੀਸਾਣ

੧੧

੧ ੴ
ਸਤਿਨਾਮੁ ਕਰਤਾ ਪੁ-
ਰਖੁ ਨਿਰਭੌ ਨਿਰਵੈ-
ਰੁ ਅਕਾਲ ਮੂਰਤਿ ਅ-
(ਜੂਨੀ) ਸੈਭੰ ਗੁਰ ਪਰਸਾ(ਦਿ ॥)

(ਧਰਮਸਾਲਾ ਭਾਈ ਪੈਂਦਾ ਸਾਹਿਬ, ਰਾਵਲਪਿੰਡੀ,
ਦੀ ਬੀੜ ਵਿੱਚੋਂ)

੧੨

੧ ੴ
ਸਤਿਨਾਮੁ ਕਰਤਾ ਪੁਰ-
ਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂ-
ਨੀ ਸੈਭੰ ਗੁਰ ਪਰਸਾਦਿ (॥)

(ਧਰਮਸਾਲਾ ਭਾਈ ਪੈਂਦਾ ਸਾਹਿਬ, ਰਾਵਲਪਿੰਡੀ,
ਦੀ ਬੀੜ ਵਿੱਚੋਂ)



Digitized by Panjab Digital Library | www.panjabdigilib.org

੧ ੳ

ਸਤਿਨਾਮੁ ਕਰਤਾ ਪੁਰ-
ਖੁ ਨਿਰਭਉ ਨਿਰ-
ਵੈਰੁ ਅਕਾਲ ਮੂਰ-
ਤਿ ਅਜੂਨੀ ਸੈਭੰ ਸਤਿ
ਗੁਰ ਪਰਸਾਦੁ (॥)

(ਦੋਹਰਾ ਦੂਨ ਵਾਲੀ ਸੰ: ੧੭੧੬ ਦੀ ਬੀੜ ਵਿੱਚੋਂ)

## ਅੱਠਵੇਂ ਪਾਤਸ਼ਾਹ

# ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ

## ਨੀਸਾਣ ਤੇ ਹੁਕਮਨਾਮਾ

੧੪


ਸਰੀ ਸਤਿਗੁਰੂ ਨਿਰੰਕਾਰ

ਨੋਟ—ਇਹ ਨੀਸਾਣ ਇਕ ਬਹੁਤ ਪੁਰਾਣੀ ਬੀੜ ਵਿਚੋਂ ਮਿਲਿਆ ਹੈ, ਜੋ ਤਖ਼ਤ ਸ਼੍ਰੀ ਹਰਿਮੰਦਿਰ ਸਾਹਿਬ ਪਟਨਾ (ਬਿਹਾਰ) ਵਿਚ ਸੁਰੱਖਿਅਤ ਹੈ। (ਸੰਪਾਦਕ)



Digitized by Panjab Digital Library | www.panjabdigilib.org

# ਨੀਸਾਣ ਪਾਤਸ਼ਾਹੀ ੭
## (ਸ਼੍ਰੀ ਗੁਰੂ ਹਰਿ ਰਾਇ ਜੀ)




ਧਰਮਸ਼ਾਲਾ ਭਾਈ ਪੈਂਦਾ ਸਾਹਿਬ (ਰਾਵਲਪਿੰਡੀ) ਵਾਲੀ ਸ਼੍ਰੀ ਆਦਿ ਗ੍ਰੰਥ ਜੀ ਦੀ ਬੀੜ ਵਿੱਚੋਂ

Digitized by Panjab Digital Library | www.panjabdigilib.org

# ਨੀਸਾਣ ਪਾਤਸ਼ਾਹੀ ੭

## (ਸ਼੍ਰੀ ਗੁਰੂ ਹਰਿ ਰਾਇ ਜੀ)




ਧਰਮਸ਼ਾਲਾ ਭਾਈ ਪੈਂਦਾ ਸਾਹਿਬ (ਰਾਵਲਪਿੰਡੀ) ਵਾਲੀ ਸ਼੍ਰੀ ਆਦਿ ਗ੍ਰੰਥ ਜੀ ਦੀ ਬੀੜ ਵਿੱਚੋਂ

Digitized by Panjab Digital Library | www.panjabdigilib.org

# ਨੀਸਾਣ ਪਾਤਸ਼ਾਹੀ ੭

## (ਸ਼੍ਰੀ ਗੁਰੂ ਹਰਿ ਰਾਇ ਜੀ)




ਦੇਹਰਾਦੂਨ ਵਾਲੀ ਸੰਮਤ ੧੭੧੬ ਦੀ ਸ੍ਰੀ ਆਦਿ ਗ੍ਰੰਥ ਜੀ ਦੀ ਬੀੜ ਵਿੱਚੋਂ

Digitized by Panjab Digital Library | www.panjabdigilib.org

# ਨੀਸਾਣ ਪਾਤਸ਼ਾਹੀ ੮

(ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ)



ਤਖ਼ਤ ਸ਼੍ਰੀ ਪਟਨਾ ਸਾਹਿਬ ਦੀ ਸ੍ਰੀ ਆਦਿ ਗ੍ਰੰਥ ਜੀ ਦੀ ਬੀੜ ਵਿੱਚੋਂ

Digitized by Panjab Digital Library | www.panjabdigilib.org

੧੫

# ਹੁਕਮਨਾਮਾ ਪਾਤਸ਼ਾਹੀ ੮

## (ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ)

੧ ੴ ਸਤਿਗੁਰੂ

ਸ੍ਰੀ ਗੁਰੂ ਹਰਕਿਸਨ ਜੀਉ ਦੀ ਆਗਿਆ ਹੈ ਭਾਈ ਅਣੀ ਰਾਇ ਭਾਈ ਜਸੁ ਭਾਈ ਰੰਗਾ ਭਾਈ ਹਜੂਰੀ ਭਾਈ ਨਿਹਚਲੁ ਸਰਬਤ ਸੰਗਤਿ ਪਟਣੇ ਦੀ ਤੁ--ਸਾਂ ਭੇਟ ਭਾਈ ਬਨੋ ਹੱਥਿ ਭੇਜੀ ਸੀ ਸੋ ਪਹੁਤੀ ਹਜੂਰਿ ਮੁਜਰਾ ਹੋਆ ਸ੍ਰੀ ਗੁਰੂ ਜੀਉ ਦੀ ਖੁਸੀ ਹੋਈ ਨਿਹਾਲੁ ਹੋਏ ਗੁਰੂ ਸੰਗਤਿ ਦੀ ਬਾਹੁੜੀ ਕਰੇਗਾ ਸੰ--ਗਤ ਦਾ ਗੁਰੂ ਰੁਜਗਾਰੁ ਕਰੇਗਾ ਸਭ ਮਨੋਰਥ ਪੂਰੇ ਹੋਨਗੇ ਭੇਜਦੇ ਰਹਣਾ ਭੇਟ ਸੰਗਤ ਧਰਮਸਾਲਾ ਆਂਵਦੇ ਰਹਣਾ ਆਰਤੀ-ਸੋਹਲਾ ਕਰਣਾ ਸ੍ਰੀ ਗੁਰੂ ਜੀਉ ਦੀ ਖਰੀ ਖੁਸੀ ਹੈ ਗੁਰੂ ਸੰਗਤ ਦੀ ਬਾਹੁੜੀ ਕਰੇਗਾ ਤੁਸਾਂ ਉਪਰਿ ਖੁਸੀ ਹੈ

ਨੋਟ:—ਇਹ ਹੁਕਮਨਾਮਾ ਹੋਰ ੧੨ ਹੁਕਮਨਾਮਿਆਂ ਸਮੇਤ ਸੰਮਤ ੧੭੭੫ ਬਿ: ਦੀ ਲਿਖੀ-ਆਦਿ ਗ੍ਰੰਥ ਜੀ ਦੀ ਇਕ ਬੀੜ ਵਿਚ ਤਤਕਰੇ ਤੋਂ ਪਹਿਲੇ ਖ਼ਾਲੀ ਪੱਤ੍ਰਿਆਂ ਪਰ ਚਮੇੜਿਆ ਹੋਇਆ ਮਿਲਿਆ ਹੈ। ਇਹ 'ਬੀੜ' ਸਿੱਖ ਰੈਫ਼ਰੈਂਸ ਲਾਇਬ੍ਰੇਰੀ ਅਮ੍ਰਿਤਸਰ ਵਿਚ ਮੌਜੂਦ ਹੈ, ਜੋ ਗੁਰਦਵਾਰਾ ਡੇਹਰਾ ਸਾਹਿਬ ਲਾਹੌਰ ਤੋਂ ਪ੍ਰਾਪਤ ਹੋਈ ਸੀ। (ਸੰਪਾਦਕ)



Digitized by Panjab Digital Library | www.panjabdigilib.org

## ਨੌਵੇਂ ਪਾਤਸ਼ਾਹ

# ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ

## ਨੀਸਾਣ ਤੇ ਹੁਕਮਨਾਮੇ

### ੧੬

ਡੰਡਉਤ ਬੰਦਨਾ ਅਨਕ
ਬਾਰ ਸਰਬ ਕਲਾ ਸ-
ਮਰਥੁ (॥) ਡੋਲਨ ਤੇ ਰਾਖ-
ਹੁ ਪ੍ਰਭੂ ਨਾਨਕ ਦੇ ਕ-
ਰਿ ਹਥੁ (॥)

(ਗੁਰਦਵਾਰਾ ਮੈਣੀ ਸੰਗਤਿ, ਪਟਨਾ, ਦੀ
ਇਕ ਪੁਰਾਤਨ ਬੀੜ ਵਿੱਚੋਂ)

### ੧੭

੧ ਓ

ਸਤਿਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰੁ ਅਕਾ-
ਲ ਮੂਰਤਿ ਅਜੂਨੀ
ਸੈਭੰ ਗੁਰ ਪਰਸਾਦਿ (॥)

(ਗੁਰਦਵਾਰਾ ਮੈਣੀ ਸੰਗਤਿ, ਪਟਨਾ, ਦੀ
ਇਕ ਪੁਰਾਤਨ ਬੀੜ ਵਿੱਚੋਂ)




Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਨੀਸਾਣ ਪਾਤਸ਼ਾਹੀ ੯

## (ਸ਼੍ਰੀ ਗੁਰੂ ਤੇਗ ਬਹਾਦੁਰ ਜੀ)




ਗੁਰਦਵਾਰਾ ਮੈਣੀ ਸੰਗਤਿ ਪਟਨਾ ਦੀ ਪੁਰਾਣੀ ਬੀੜ ਵਿੱਚੋਂ

Digitized by Panjab Digital Library | www.panjabdigilib.org

# ਨੀਸਾਣ ਪਾਤਸ਼ਾਹੀ ੯

## (ਸ਼੍ਰੀ ਗੁਰੂ ਤੇਗ਼ ਬਹਾਦੁਰ ਜੀ)




ਗੁਰਦਵਾਰਾ ਮੈਣੀ ਸੰਗਤਿ ਪਟਨਾ ਦੀ ਸੰਮਤ ੧੭੧੪ ਬਿ: ਦੀ ਬੀੜ ਵਿੱਚੋਂ

Digitized by Panjab Digital Library | www.panjabdigilib.org

# ਨੀਸਾਣ ਪਾਤਸ਼ਾਹੀ ੯

## (ਸ਼੍ਰੀ ਗੁਰੂ ਤੇਗ ਬਹਾਦੁਰ ਜੀ)



ਗੁਰਦਵਾਰਾ ਥੰਮ ਸਾਹਿਬ ਪਟਨਾ ਦੀ ਸੰਮਤ ੧੭੯੧ ਦੀ ਬੀੜ ਵਿੱਚੋਂ

Digitized by Panjab Digital Library | www.panjabdigilib.org

੧੮

੧ ਓ ਗੁਰੂ ਸਤਿ

ਸਤਿਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰੁ ਅ-
ਕਾਲ ਮੂਰਤਿ ਅਜੋ-
ਨੀ ਸੈਭੰ ਗੁਰ ਪਰਸਾਦਿ (॥)

(ਗੁਰਦਵਾਰਾ ਥੰਮ ਸਾਹਿਬ ਪਟਨਾ ਦੀ
ਪੁਰਾਤਨ ਬੀੜ ਵਿੱਚੋਂ)

੧੯

੧ ਓ ਗੁਰੂ ਸਤਿ
ਸਤਿਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰ ਅਕਾਲ
ਮੂਰਤਿ ਅਜੋਨੀ ਸੈਭੰ ਗੁਰ ਪਰਸਾਦਿ (॥)

(ਸ਼੍ਰੀ ਗੁਰੂ ਨਾਨਕ ਆਸ਼੍ਰਮ, ਅਰਹੋਰਾ,
ਦੀ ਇਕ ਪੁਰਾਤਨ ਬੀੜ ਵਿੱਚੋਂ)

੨੦

੧ ਓ
ਸਤਿਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰੁ ਅਕਾਲ
ਮੂਰਤਿ ਅਜੂਨੀ ਸੈਭੰ ਗੁਰ ਪ-
ਰਸਾਦਿ (॥)

(ਬੰਨੋਆਣੀਆਂ ਦੀ ਸ਼੍ਰੀ ਆਦਿ
ਗ੍ਰੰਥ ਜੀ ਦੀ ਪੁਰਾਤਨ ਬੀੜ ਵਿੱਚੋਂ)



Digitized by Panjab Digital Library | www.panjabdigilib.org

## ੨੦ (ੳ)

੧ ੴ ਗੁਰੂ ਸਤਿ

ਸਤਿਨਾਮੁ ਕਰਤਾ
ਪੁਰਖੁ ਨਿਰਭਉ
ਨਿਰਵੈਰੁ ਅਕਾਲ
ਮੂਰਤਿ ਅਜੋਨੀ
ਸੈਭੰ ਗੁਰ ਪਰਸਾਦਿ (॥)

(ਸਿੱਖ ਰੈਫ਼ੈਂਸ ਲਾਇਬ੍ਰੇਰੀ ਅਮ੍ਰਿਤਸਰ ਦੀ
ਸੰਮਤ ੧੭੨੮ ਬਿ: ਦੀ ਪੋਥੀ ਵਿੱਚੋਂ)

## ੨੦ (ਅ)

੧ ੴ


ਸਤਿਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰੁ ਅਕਾ-
ਲ ਮੂਰਤਿ ਅਜੂਨੀ ਸੈਭੰ
ਗੁਰ ਪਰਸਾਦਿ (॥)

(ਛੋਟਾ ਮਿਰਜ਼ਾ ਪੁਰ, ਉੱਤਰ ਪ੍ਰਦੇਸ਼, ਦੀ ਪੁਰਾਤਨ ਬੀੜ ਵਿੱਚੋਂ)



Digitized by Panjab Digital Library | www.panjabdigilib.org

# ਨੀਸਾਣ ਪਾਤਸ਼ਾਹੀ ੯
## (ਸ਼੍ਰੀ ਗੁਰੂ ਤੇਗ ਬਹਾਦੁਰ ਜੀ)




ਸ਼੍ਰੀ ਗੁਰੂ ਨਾਨਕ ਆਸ਼੍ਰਮ ਅਰਹੌਰਾ ਦੀ
ਸੰਮਤ ੧੭੯੯ ਬਿ: ਦੀ ਬੀੜ ਵਿੱਚੋਂ

Digitized by Panjab Digital Library | www.panjabdigilib.org

# ਨੀਸਾਣ ਪਾਤਸ਼ਾਹੀ ੯


## (ਸ਼੍ਰੀ ਗੁਰੂ ਤੇਗ ਬਹਾਦੁਰ ਜੀ)



ਬੰਨੋਆਣੀਆਂ ਦੀ ਸ਼੍ਰੀ ਆਦਿ ਗ੍ਰੰਥ ਦੀ ਇਕ ਪੁਰਾਤਨ ਬੀੜ ਵਿੱਚੋਂ

Digitized by Panjab Digital Library | www.panjabdigilib.org


# ਨੀਸਾਣ ਪਾਤਸ਼ਾਹੀ ੯
## (ਸ਼੍ਰੀ ਗੁਰੂ ਤੇਗ ਬਹਾਦੁਰ ਜੀ)



ਸਿੱਖ ਰੈਫ਼ੈਂਸ ਲਾਇਬ੍ਰੇਰੀ ਅਮ੍ਰਿਤਸਰ ਦੀ ਪੁਰਾਤਨ ਹੱਥ ਲਿਖਤ ਪੋਥੀ ਨੰ: ੧੬੫੭ ਵਿੱਚੋਂ,
ਜੋ ਸੰਮਤ ੧੭੨੬ ਬਿ: ਦੀ ਲਿਖੀ ਹੋਈ ਹੈ।

Digitized by Panjab Digital Library | www.panjabdigilib.org

# ਨੀਸਾਣ ਪਾਤਸ਼ਾਹੀ ੯
## (ਸ਼੍ਰੀ ਗੁਰੂ ਤੇਗ਼ ਬਹਾਦੁਰ ਜੀ)




ਛੋਟਾ ਮਿਰਜ਼ਾਪੁਰ (ਉੱਤਰ ਪ੍ਰਦੇਸ਼) ਦੀ ਬੀੜ ਸੰਮਤ ੧੭੩੯ ਬਿ: ਵਿੱਚੋਂ ।

Digitized by Panjab Digital Library | www.panjabdigilib.org

# ਹੁਕਮਨਾਮਾ ਪਾਤਸ਼ਾਹੀ ੯

(ਸ਼੍ਰੀ ਗੁਰੂ ਤੇਗ ਬਹਾਦੁਰ ਜੀ)




ਭਾਈ ਉੱਗਰ ਸੈਣ, ਲਾਲ ਚੰਦ ਆਦਿ ਦੇ ਨਾਮ

Digitized by Panjab Digital Library | www.panjabdigilib.org

# ਹੁਕਮਨਾਮਾ ਪਾਤਸ਼ਾਹੀ ੯

( ਸ਼੍ਰੀ ਗੁਰੂ ਤੇਗ ਬਹਾਦੁਰ ਜੀ )



ਭਾਈ ਉੱਗਰ ਸੈਣ, ਰਾਮਦਾਸ ਆਦਿ ਦੇ ਨਾਮ

Digitized by Panjab Digital Library | www.panjabdigilib.org

# ੨੦ (ਏ)

## ਹੁਕਮਨਾਮਾ ਪਾਤਸ਼ਾਹੀ ੯

### (ਸ਼੍ਰੀ ਗੁਰੂ ਤੇਗ਼ ਬਹਾਦੁਰ ਜੀ)

ਗੁਰੂ ਸਤ

ਭਾਈ ਉਗਰ ਸੈਣ ਸਬਬਤ ਸੰਗਤ

ਗੁਰੂ ਤੁਸਾਡੀ ਰਖੈਗਾ ਰਾਮਦਾਸ ਜਗਦੇਉ

ਦਾ ਘਰ ਹੈ ਸ ਗੁਰੂ ਦਾ ਹੈ ਤ ਗੁਰੂ ਦਾ ਪੁਤ ਹੈ ਸਭਨਾ

ਮਸੰਦਾ ਕਾ ਮੁਹਰੀ ਹੈ ਏਸ ਥਾਉ ਕੀ ਸਭ ਮਦਾਰ ਤੁਸਾ ਉਪਰ ਹੈ

ਰਾਮਦਾਸ ਗੁਰਦਿਤੈ ਭਾਈ ਗੁਰੀਏ ਭਾਈ ਕਲਿਆਣ ਦਾਸ ਨ,

ਆਦਮੀ ਸਦਣ ਭੈਜਿਆ ਹੈ ਜਿਤਨੇ ਲਾਇਕ ਹੋਵਨਿ ਸ,

ਹਕੀਕਤ ਲਿਖਿ ਭੇਜਹਗੇ ਰਾਮਦਾਸ ਜੀ ਜੇਹੀ ਤੁਸਾ ਸੇਵਾ ਕੀਤੀ ਹੈ

ਵਡਾ ਭਰੋਸਾ ਰਖਦੇ ਅਸਹ ਗੁਰੂ ਤੁਸਾਡੀ ਰਖੈਗਾ ਖੁਸੀ ਹੈ

ਆਦਮੀ ਮੁਹਰੀ ਥ ਭੇਜਣਾ ਹੈ ਸਵਾਲ ਜੀ ਸਭ ਮਦਾਰ

ਤ ਉਪਰਿ ਹੈ

ੴ ਸਤਿਗੁਰੂ

ਸ੍ਰੀ ਗੁਰੂ ਤੇਗ ਬਹਾਦਰ ਜੀਉ ਦੀ ਆਗਿਆ ਹੈ ਭਾਈ ਉਗਰ ਸੈਣ ਸ੍ਰਬਤਿ ਸੰ-
ਗਤਿ ਗੁਰੂ ਤੁਸਾਡੀ ਰਖੈਗਾ ਸੰਗਤਿ ਦੇ ਮਨੋਰਥ ਗੁਰੂ ਪੂਰੇ ਕਰੈਗਾ ਰਮਦਾਸ
ਜਗਦੇਉ ਦਾ ਘਰੁ ਹੈ ਸੋ ਗੁਰੂ ਦਾ ਹੈ ਤੂ ਗੁਰੂ ਦਾ ਪੁਤੁ ਹੈ ਸਭਨਾ ਮਸੰਦਾ ਕਾ ਮੁਹਰੀ
ਹੈ ਏਸੁ ਥਾਉ ਦੀ ਸਭ ਮਦਾਰ ਤੁਸਾ ਉਪਰਿ ਹੈ ਰਮਦਾਸ ਗੁਰਦਿਤੈ ਭਾਈ ਗੁਰੀਏ
ਭਾਈ ਕਲਿਆਣ ਦਾਸ ਨੋ ਆਦਮੀ ਸਦਣਿ ਭੇਜੇ ਹਨਿ ਜਿਤੁਣੇ ਲਾਇਕ
ਹੋਨਿਗੇ ਸਭੁ ਹਕੀਕਤਿ ਲਿਖਿ ਭੇਜਹਗੇ ਰਾਮਦਾਸ ਜੀ ਜੇਹੀ ਤੁਸਾ ਸੇਵਾ ਕੀਤੀ ਹੈ
(ਤੁ)ਸੀ ਏਦੂ ਵਡਾ ਭਰੋਸਾ ਰਖਦੇ ਅਸਹੁ ਗੁਰੂ ਤੁਸਾਡੀ ਰਖੈਗਾ ਖੁਸੀ ਹੈ

ਨੋਟ–ਇਹ ਹੁਕਮਨਾਮਾ ਗੁਰੂ ਜੀ ਦਾ ਜਗਦੇਉ ਰਾਮ ਦਾਸ ਦੀ ਸੰਗਤਿ ਉਗਰ ਸੈਣ, ਰਾਮ ਦਾਸ ਆਦਿ ਦੇ ਨਾਮ ਹੈ, ਜਿਵੇਂ ਕਿ ਇਸ ਦੀ ਅਸਲ ਇਬਾਰਤ ਪੜ੍ਹਨ ਤੋਂ ਪਤਾ ਲਗਦਾ ਹੈ। (ਸੰਪਾਦਕ)



Digitized by Panjab Digital Library | www.panjabdigilib.org

## ੨੦ (ਸ)

# ਹੁਕਮਨਾਮਾ ਪਾਤਸ਼ਾਹੀ ੯

## (ਸ਼੍ਰੀ ਗੁਰੂ ਤੇਗ਼ ਬਹਾਦੁਰ ਜੀ)

ਬਲਦ ਫੁਰਮਾਇਸ ਕੇ ਸਰਬਤਿ ਸੰਗਤਿ ਲੈ ਕੇ ਦੀਵਾਲੀ
ਨੋ ਮਾਤਾ ਜੀ ਪਾਸ ਆਵਣਾ ਮਾਤਾ ਜੀ ਹੁਕਮ ਕਰੇਗੇ
ਗੁਰੂ ਕਾ ਹੁਕਮ ਕਰਿ ਮੰਨਣਾ ਸੰਗਤਿ ਕੀ ਬਾਹੁੜੀ ਹੋਗ
(ਸਿਖਾਂ ਪੁਤਾਂ) ਕੀ ਸੇਵਾ ਕੀ ਵੇਲਾ ਹੈ ਸੰਗਤਿ ਕਾਰ ਬਾਰ ਰਮੁਦਾਸ


ਗੁਰੂ ਸਤਿ ॥
ਰਾਮ ਦਾਸ ਉਗਰ ਸੈਣ ਭਾਈ ਲਾਲ ਚੰਦ ਸਰਬਤ ਸੰਗਤ
ਗੁਰੂ ਰਖੈਗਾ ਕਾਰ ਬਾਰ ਲੈ ਕੇ ਜੋੜਾ ਜੁੜਾਵਲ ਕਾ ਛਿਅ

ਨੋਟ:—ਇਹ ਹੁਕਮਨਾਮਾ ਵੀ ਪਿਛਲੇ ਹੁਕਮਨਾਮੇ ਵਾਂਗ ਹੀ ਪਿੰਡ ਜਗਦੇਉ ਕੀ ਸੰਗਤਿ ਭਾਈ ਉਗਰ ਸੈਣ, ਰਾਮ ਦਾਸ ਆਦਿ ਦੇ ਨਾਮ ਹੈ। (ਸੰਪਾਦਕ)



Digitized by Panjab Digital Library | www.panjabdigilib.org


# ਹੁਕਮਨਾਮਾ ਪਾਤਸ਼ਾਹੀ ੯
## (ਸ਼੍ਰੀ ਗੁਰੂ ਤੇਗ ਬਹਾਦੁਰ ਜੀ)



ਭਾਈ ਰਾਮਦਾਸ, ਉਗ੍ਰ ਸੈਨ, ਲਾਲ ਚੰਦ ਆਦਿ ਸੰਗਤਿ ਦੇ ਨਾਮ

Digitized by Panjab Digital Library | www.panjabdigilib.org

# ਹੁਕਮਨਾਮਾ ਪਾਤਸ਼ਾਹੀ ੯
## (ਸ਼੍ਰੀ ਗੁਰੂ ਤੇਗ ਬਹਾਦੁਰ ਜੀ)



ਭਾਈ ਮਾਲਾ ਅਤੇ ਭਾਈ ਬਾਘਾ ਆਦਿ ਸਿੱਖਾਂ ਦੇ ਨਾਮ

Digitized by Panjab Digital Library | www.panjabdigilib.org

## ੨੧

## ਹੁਕਮਨਾਮਾ ਪਾਤਸ਼ਾਹੀ ੯

(ਸ਼੍ਰੀ ਗੁਰੂ ਤੇਗ ਬਹਾਦੁਰ ਜੀ)

ਖੁਸੀ ਹੈ ਸੰਗਤਿ ਕੀ
ਸੇਵਾ ਕੀ ਵੇਲਾ ਹੈ

ਗੁਰੂ ਸਤਿ ॥

ਰਾਮ ਦਾਸ ਉਗਰ ਸੈਣ ਭਾਈ ਲਾਲ ਚੰਦੁ ਸਰਬਤਿ ਸੰਗਤਿ
ਗੁਰੂ ਰਖੈਗਾ ਰਾਮ ਦਾਸ ਜੀ ਕਾਰ ਬਲਦ ਜੋੜੇ
ਤੁਸਾ ਮਾਤਾ ਜੀ ਪਾਸ ਮੁਜਰਾ ਕੀਤਾ ਸਭ ਹਜੂਰ
ਪਹੁਚਿਆ ਗੁਰੂ ਤੁਸਾਡੀ ਰਖੈਗਾ ਤੁਸਾਡਾ
ਘਰ ਗੁਰੂ ਕਾ ਹੈ ਮੇਰੀ ਬਹੁਤ ਖੁਸੀ ਹੈ

[ਭਾਈ ਰਾਮ ਦਾਸ, ਉਗ੍ਰ ਸੈਨ ਆਦਿ
ਜਗਦੇਉ ਦੀ ਸੰਗਤਿ ਦੇ ਨਾਮ]



Digitized by Panjab Digital Library | www.panjabdigilib.org

## ਹੁਕਮਨਾਮਾ ਪਾਤਸ਼ਾਹੀ ੯

### (ਸ਼੍ਰੀ ਗੁਰੂ ਤੇਗ਼ ਬਹਾਦੁਰ ਜੀ)

ਗੁਰੂ ਰਖੈਗਾ ਸਰਕਾ-
ਰ ਦੀ ਖਚਰ ਜਾਣੀ ਪਾ-
ਵੈ ਨਾਹੀ ਮੁਜਰਾ ਹੋਗੁ
(ਨੀਸਾਣ ਪਾ: ੯)

੧ ਓ ਸਤਿਗੁਰੂ

ਸ੍ਰੀ ਗੁਰੂ ਜੀਉ ਕੀ ਆਗਿਆ ਹੈ ਭਾਈ ਮਲਾ ਭਾਈ ਬਾਘਾ
ਸ੍ਰਬਤ ਸੰਗਤਿ ਗੁਰੂ ਬਾਹੁੜੀ ਕਰੈਗਾ ਸਭ ਮਨੋਰਥ ਪੂਰੇ
ਹੋਨਗੇ ਭਾਈ ਬਾਘਾ ਭਾਈ ਮਲਾ ਸਰਕਾਰ ਦੀ ਖਚਰ ਅਰੁ ਬੈ-
ਲ ੨ ਚੋਰਾਂ ਧਰਦੇ[1]ਆਦੇ ਚੁਰਾਏ ਜਮਾਲ ਪੁਰ[2] ਤੇ ਸੋ ਤੁਸਾ ਨੋ ਅਗੇ
ਭੀ ਜਾਹਰ ਹੈ ਸੋ ਖਚਰ ਬਕਾਲੇ ਵਿਚਿ ਧਰਦੇ ਆਲੇ ਹੈ ਅਰੁ
ਬੈਲ ਚੋਰਟਿਆ ਤੇ ਅਗੈ ਖੋਹੇ ਹੈਨਿ ਤੁਸਾਡਾ ਮੁਜਰਾ ਹੈ ਖ-
ਚਰ ਭੇਜਾਵਣੀ ਜਾਣ ਪਾਵੈ ਨਾਹੀ ਗੁਰੂ ਸੰਗਤ ਕਾ ਵਾਧਾ ਕਰੈਗਾ
ਤੁਸਾਡੇ ਮੁਜਰੇ ਦੀ ਵੇਲਾ ਹੈ ਮੇਰੀ ਤੁਸਾ ਉਪਰਿ ਖਰੀ ਖੁਸੀ ਹੈ

---

[1]ਸਹੀ ਨਾਮ ਪਿੰਡ ਧਰਦੇਵ, ਜੋ ਬਕਾਲੇ ਦੇ ਨੇੜੇ ਹੈ ।

[2]ਸ਼੍ਰੀ ਗੁਰੂ ਤੇਗ ਬਹਾਦੁਰ ਜੀ ਪੂਰਬ ਦੇ ਦੌਰੇ ਤੋਂ ਬਾਦ ਕੀਰਤ ਪੁਰ ਥੀਂ ਹੁੰਦੇ ਹੋਏ ਜਦ ਮਦ੍ਰ ਦੇਸ (ਮਾਝੇ) ਦੇ ਬਾਬਾ ਬਕਾਲਾ ਨਾਮੀ ਸਥਾਨ ਪਰ ਪੁੱਜੇ ਤਾਂ ਰਸਤੇ ਵਿਚ ਜਮਾਲ ਪੁਰ ਦੇ ਲਾਗੇ ਚੋਰਾਂ ਨੇ ਦੋ ਬੈਲ ਤੇ ਇਕ ਖੱਚਰ ਚੁਰਾ ਲਈ, ਜਿਸ ਬਾਰੇ ਗੁਰੂ ਜੀ ਨੇ ਇਹ ਹੁਕਮਨਾਮਾ ਭਾਈ ਮੱਲਾ, ਬਾਘਾ ਆਦਿ ਦੇ ਨਾਂ ਲਿਖਿਆ ਸੀ ।



Digitized by Panjab Digital Library | www.panjabdigilib.org

# ਹੁਕਮਨਾਮਾ ਪਾਤਸ਼ਾਹੀ ੯

## (ਸ਼੍ਰੀ ਗੁਰੂ ਤੇਗ਼ ਬਹਾਦੁਰ ਜੀ)

ਗੁਰੂ ਰਖੈਗਾ ਭਾਈ ਬਠਾ ਸਰਬੰਤਿ ਸੰਗਤਿ ਪਟਣ ਦੀ
ਗੁਰੂ ਸੰਗਤਿ ਕੀ ਬਾਹੁੜੀ ਕਰੈਗਾ ਸੰਗਤ ਦਾ
ਗੁਰੂ ਰੁਜਗਾਰ ਕਰੈਗਾ ਸਭ ਮਨੋਰਥ ਪੂਰੇ
ਹੋਨਗੇ ਸਰਬੰਤਿ ਸੰਗਤਿ ਦੀਵਾ-
ਲੀ ਨੋ ਦਰਸਨ ਆਵਣਾ ਜੂ
ਸਿਖ ਦਰਸਨਿ ਆਵਗੁ ਸੋ ਨਿਹਾਲ ਹੋਗੁ
ਪਟਣ ਦੀ ਸੰਗਤਿ ਸ੍ਰੀ ਗੁਰੂ ਜੀ ਦਾ ਖਾ-
ਲਸਾ ਹੈ ਗੁਰੂ ਸਰਬ ਸੁਖ ਦੇਗੁ ਭਾਈ ਬਠਾ
ਸ੍ਰੀ ਗੁਰੂ ਜੀ ਦਾ ਪੁਤ ਹੈ ਜੂ ਆਖੈ ਸਰਬਤ ਸੰਗਤਿ/
ਮੰਨਣਾ ਬਾਹੁੜੀ ਹੋਗੁ

(ਲੀਸਾਲ ਪਾ: ੯)

ੴ ਸਤਿਗੁਰੂ


ਸ੍ਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਬਠਾ ਸਰਬਤ ਸੰਗਤਿ ਪਟਣ ਦੀ ਗੁਰੂ ਸੰਗਤਿ ਦੀ ਬਾਹੁੜੀ ਕਰੈਗਾ ਸੰਗਤ ਦਾ ਗੁਰੂ ਰੁਜਗਾਰੁ ਕਰੈਗਾ ਸਭ ਮਨੋਰਥ ਪੂਰੇ ਹੋਨਗੇ ਸਰਬਤ ਸੰਗਤਿ ਦੀਵਾਲੀ ਨੋ ਦਰਸਨਿ ਆਵਣਾ ਜੁ ਸਿਖੁ ਦਰਸਨਿ ਆਵਗੁ ਸੋ ਨਿਹਾਲੁ ਹੋਗੁ ਪਟਣ ਦੀ ਸੰਗਤਿ ਸ੍ਰੀ ਗੁਰੂ ਜੀਉ ਦਾ ਖਾਲ-ਸਾ ਹੈ ਗੁਰੂ ਸੰਗਤਿ ਨੋ ਸਰਬ ਸੁਖੁ ਦੇਗੁ ਭਾਈ ਬਠਾ ਸ੍ਰੀ ਗੁਰੂ (ਜੀਉ ਦਾ ਪੁਤੁ) ਹੈ ਜੁ ਆਖੈ ਸਰਬਤ ਸੰਗਤਿ ਮੰਨਣਾ ਖੁਸੀ ਹੈ



Digitized by Panjab Digital Library | www.panjabdigilib.org

# ਹੁਕਮਨਾਮਾ ਪਾਤਸ਼ਾਹੀ ੯

## (ਸ਼੍ਰੀ ਗੁਰੂ ਤੇਗ਼ ਬਹਾਦੁਰ ਜੀ)



ਗੁਰੂ ਰਖੈਗਾ ਭਾਈ ਬਠਾ ਸਰਬਤ
ਸੰਗਤਿ ਗੁਰੂ ਬਾਹੁੜੀ ਕਰੈਗਾ
ਭਾਈ ਬਠਾ ਤੂੰ ਸੀ ਗੁਰੂ ਸੀ ਕਾ ਪੂ-
ਓ ਅਸਹਿ ਸਰਬਤ ਸੰ-
ਗਤਿ ਲੈ ਕੈ ਦਰਸ-
ਸ੍ਰੀ ਅਗਲਾ ਭਾਈ ਬਠਾ
ਆਖੈ ਸੋ ਸਰਬਤ ਸੰਗਤਿ ਮੰਨਣਾ
(ਮੋਮਾਲ ਪ੍ਰਾ: ਪ੍ਰ)

੧ ਓ ਸਤਿਗੁਰੂ

ਸ੍ਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਬਠਾ ਸਰਬਤ ਸੰਗਤਿ ਗੁਰੂ
ਸੰਗਤਿ ਦੀ ਬਾਹੁੜੀ ਕਰੈਗਾ ਸੰਗਤਿ ਦਾ ਗੁਰੂ ਰੁਜਗਾਰੁ ਕਰੈਗਾ ਸਭ
ਮਨੋਰਥ ਪੂਰੇ ਹੋਨਗੇ ਭਾਈ ਬਠਾ ਤੂੰ ਸਿਖੁ ਅਸਹਿ ਸੰਗਤਿ ਲੈ ਕੈ
ਦਰਸਨਿ ਆਵਣਾ ਜੁ ਸਿਖੁ ਭਾਈ ਬਠੇ ਨਾਲਿ ਦਰਸਨਿ ਆਵਗੁ
ਸੋ ਨਿਹਾਲੁ ਹੋਗੁ ਗੁਰੂ ਓਸ ਦੇ ਸਭ ਕੰਮ ਰਾਸਿ ਕਰੈਗਾ ਭਾਈ ਬਠਾ
ਸ੍ਰੀ ਗੁਰੂ ਜੀਉ ਦਾ ਪੁਤੁ ਹੈ ਆਖੈ ਸੋ ਸਰਬਤ ਸੰਗਤਿ ਮੰਨਣਾ
ਗੁਰੂ ਸੰਗਤਿ ਦੀ ਕਿਰਤਿ ਵਿਚਿ ਬਰਕਤਿ ਕਰੈਗਾ ਨਿਹਾਲੁ ਹੋਵਹੁਗੇ


ਨੋਟ—ਇਹ ਹੁਕਮਨਾਮਾ ਉਪਰੋਂ ਨੀਸਾਣ ਵਲੋਂ ਭੁਰਿਆ ਹੋਣ ਕਰਕੇ ਇਸ ਦੀ ਉਪਰਲੀ ਹਰੇਕ ਸਤਰ ਦੇ ਪਹਿਲੇ ਅੱਖਰ ਨੂੰ ਅਨੁਮਾਨ ਲਾ ਕੇ ਪੂਰਾ ਕਰਨਾ ਪਿਆ ਹੈ।
(ਸੰਪਾਦਕ)



Digitized by Panjab Digital Library | www.panjabdigilib.org

# ਹੁਕਮਨਾਮਾ ਪਾਤਸ਼ਾਹੀ ੯

## (ਸ਼੍ਰੀ ਗੁਰੂ ਤੇਗ਼ ਬਹਾਦੁਰ ਜੀ)




ਸਰਬੱਤ ਸੰਗਤਿ ਪੱਟਣ ਸ਼ੇਖ਼ ਫ਼ਰੀਦ ਦੇ ਨਾਮ

Digitized by Panjab Digital Library | www.panjabdigilib.org

# ਹੁਕਮਨਾਮਾ ਪਾਤਸ਼ਾਹੀ ੯

## (ਸ਼੍ਰੀ ਗੁਰੂ ਤੇਗ਼ ਬਹਾਦੁਰ ਜੀ)



ਸਰਬੱਤ ਸੰਗਤਿ ਪੱਟਣ ਸ਼ੇਖ਼ ਫ਼ਰੀਦ ਦੇ ਨਾਮ

Digitized by Panjab Digital Library | www.panjabdigilib.org

# ਹੁਕਮਨਾਮਾ ਪਾਤਸ਼ਾਹੀ ੯
## (ਸ਼੍ਰੀ ਗੁਰੂ ਤੇਗ਼ ਬਹਾਦੁਰ ਜੀ)




ਸਰਬੱਤ ਸੰਗਤਿ ਪੱਟਣ ਸ਼ੇਖ਼ ਫ਼ਰੀਦ ਦੇ ਨਾਮ

